ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਐਮ.ਏ.(ਇਤਿਹਾਸ)ਭਾਗ ਪਹਿਲਾ (ਸਮੈਸਟਰ ਪਹਿਲਾ)** **ਪਰਚਾ ਚੌਥਾ**

**(ਆਪਸ਼ਨ ਦੂਜੀ)**

# ਚੀਨ ਅਤੇ ਜਪਾਨ ਦਾ ਇਤਿਹਾਸ (1830-1911 ਈ.)

**ਸੈਕਸ਼ਨ - ੳ** **ਯੂਨਿਟ 1**

**ਪਾਠ :**

**1.1 : ਚੀਨ ਦਾ ਖੁੱਲ੍ਹਣਾ - ਅਫੀਮ ਯੁੱਧ-ਕਾਰਣ ਅਤੇ ਸਿੱਟੇ**

**1.2 : ਜਪਾਨ ਦਾ ਖੁੱਲ੍ਹਣਾ : ਦੂਰ ਪੂਰਬ ਵਿੱਚ ਕਲੋਨੀਅਲ ਸ਼ਕਤੀਆਂ**

**1.3 : ਕੋਰੀਆ ਲਈ ਸੰਘਰਸ਼ ਅਤੇ ਇਸ ਦੀ ਮਹੱਤਤਾ**

**1.4 : 1911 ਈ. ਤੱਕ 19 ਵੀਂ ਅਤੇ 20 ਵੀਂ ਸਦੀਆਂ ਵਿੱਚ ਚੀਨ-ਜਪਾਨ ਸਬੰਧ**

**ਨੋਟ :** **ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ** **www.pbidde.org** **ਤੋਂ ਡਾਊਨਲੋਡ ਕਰਨ।**

**ਸੈਕਸ਼ਨ – ਏ** **ਪਾਠ 1.1** **ਲੇਖਕ : ਨਾਜ਼ਰ ਸਿੰਘ**

## ਚੀਨ ਦਾ ਖੁੱਲ੍ਹਣਾ (The Opening of China)

## ਅਫੀਮ ਯੁੱਧ ਦੇ ਕਾਰਣ ਤੇ ਪ੍ਰਭਾਵ

**ਪਾਠ ਦੀ ਬਣਤਰ :**

**(1) ਚੀਨੀ ਇਤਿਹਾਸ ਦੀ ਰੂਪ–ਰੇਖਾ :**

ਅਫੀਮ ਯੁੱਧ 1839–40 ਅਤੇ 1856–57
ਨਾਨਕਿੰਗ ਤੇ ਟਾਈਂਟਸਨ ਦੀਆਂ ਸੰਧੀਆਂ, 1842, 1844, 1858 ਈ.
ਤਾਇਪਿੰਗ ਵਿਦਰੋਹ (1851–64)
ਚੀਨੀ–ਜਪਾਨੀ ਯੁੱਧ – 1894
ਬਾਕਸਰ ਵਿਦਰੋਹ (1900 ਈ.)
ਡਾ. ਸਨਯਤ ਸੇਨ ਤੇ ਗਣਤੰਤਰ ਦੀ ਸਥਾਪਨਾ (1911)
ਯੂਆਨ ਸੀ–ਕਾਈ
ਕੋਮਿਨਤਾਂਗ ਅਤੇ ਕਮਿਊਨਿਸਟ ਪਾਰਟੀ
ਮਾਉ ਦਾ ਜੀਵਨ ਤੇ ਯੋਗਦਾਨ
1949 ਦਾ ਇਨਕਲਾਬ
ਜਪਾਨ ਨਾਲ ਸੰਬੰਧ 1895–1946

**(2) ਭੂਗੋਲ ਤੇ ਚੀਨੀ ਰਾਜ :**

ਉੱਤਰ ਚੀਨ ਦੇ ਪ੍ਰਮੁੱਖ ਰਾਜ
ਦੱਖਣੀ ਚੀਨ ਦੇ ਪ੍ਰਮੁੱਖ ਰਾਜ

**(3) ਚੀਨ ਵਿਚ ਯੂਰਪੀਨ ਸ਼ਕਤੀਆਂ**

ਚੀਨੀ ਤੇ ਭਾਰਤੀ ਸਥਿਤੀ ਵਿਚ ਸਮਾਨਤਾ ਤੇ ਅੰਤਰ
19ਵੀਂ ਸਦੀ ਦੀਆਂ ਹੋਰ ਵਿਸ਼ੇਸ਼ਤਾਵਾਂ

ਅਭਿਆਸ ਲਈ ਪ੍ਰਸ਼ਨ

**(4) ਚੀਨ ਤੇ ਇੰਗਲੈਂਡ**

ਕੈਨਟਨ ਵਿਖੇ ਵਪਾਰ

ਚਾਹ ਤੋਂ ਅਫੀਮ ਵੱਲ

ਵਪਾਰ ਤੋਂ ਕੂਟਨੀਤਕ ਸੰਬੰਧਾਂ ਵੱਲ

**(5) ਯੁੱਧ ਵੱਲ ਲੈ ਜਾਂਦੇ ਹਾਲਾਤ**

ਯੁੱਧ ਦੀ ਘਟਨਾਵਾਂ

ਨਾਨਕਿੰਗ ਸੰਧੀ ਦੀਆਂ ਸ਼ਰਤਾਂ

ਬੋਗਿਉ ਦੀ ਸੰਧੀ

ਨਾਨਕਿੰਗ ਸੰਧੀ ਦੀ ਮਹੱਤਤਾ

**(6) ਬੰਦਰਗਾਹਾਂ ਤੋਂ ਯੰਗਜੀ ਵਾਦੀ ਵੱਲ ਸਾਮਰਾਜ**

ਦੂਸਰਾ ਅਫੀਮ ਯੁੱਧ ਤੇ ਸੰਧੀ-ਸੋਧ

ਟਾਈਂਟਸਨ ਤੇ ਪੀਕਿੰਗ ਦੀਆਂ ਸੰਧੀਆਂ

**ਉਦੇਸ਼ (Objectives) :**

ਤੁਹਾਡੇ ਪਰਚੇ ਦਾ ਇਹ ਪਹਿਲਾ ਪਾਠ ਤੁਹਾਨੂੰ ਹੇਠ ਲਿਖੀਆਂ ਪ੍ਰਾਪਤੀਆਂ ਦੇ ਯੋਗ ਬਣਾਏਗਾ :

1) ਤੁਸੀਂ ਜਾਣ ਲਵੋਗੇ ਆਧੁਨਿਕ ਚੀਨੀ ਇਤਿਹਾਸ ਦੇ ਮਹੱਤਵਪੂਰਨ ਦੌਰ ਜਿਵੇਂ ਕਿ ਅਫੀਮ ਯੁੱਧ, ਤਾਇਪਿੰਗ ਵਿਦਰੋਹ, ਪਹਿਲਾ ਚੀਨੀ ਜਪਾਨੀ ਯੁੱਧ, 1911 ਦਾ ਗਣਤੰਤਰ, ਰਾਸ਼ਟਰਵਾਦੀਆਂ ਦਾ, ਅਤੇ ਉਨ੍ਹਾਂ ਤੇ ਸਾਮਰਾਜਵਾਦੀਆਂ ਦੀਆਂ ਵਿਚਕਾਰ ਸੰਘਰਸ਼ ਤੇ 1949 ਦੀ ਕ੍ਰਾਂਤੀ ਦਾ ਸਮਾਂ।

2) ਤੁਸੀਂ ਬਿਆਨ ਕਰ ਸਕੋਗੇ ਚੀਨ ਖੁਲ੍ਹਣ ਦੇ ਅਰਥ ਅਤੇ ਸਮੁੱਚੀ ਪ੍ਰਕਿਰਿਆ ਜਿਸ ਰਾਹੀਂ ਯੂਰਪੀਨ ਤੇ ਹੋਰ ਸ਼ਕਤੀਆਂ ਨੇ ਆਪਣੀ ਇੱਛਾ ਤੇ ਸ਼ਕਤੀ ਰਾਹੀਂ ਚੀਨ ਦੇ ਅੰਤਰਰਾਸ਼ਟਰੀ ਸੰਬੰਧ ਜਬਰਦਸਤੀ ਸਥਾਪਤ ਕੀਤੇ।

3) ਤੁਸੀਂ ਵਿਸ਼ਲੇਸਣ ਕਰ ਸਕੋਗੇ ਉਨ੍ਹਾਂ ਹਾਲਾਤਾਂ ਦਾ ਜਿਨ੍ਹਾਂ ਵਿਚ ਏਸ਼ੀਆ ਦਾ ਇਕ ਮਹੱਤਵਪੂਰਨ ਖਿੱਤਾ - ਚੀਨੀ ਸਾਮਰਾਜ - ਆਪਣੇ ਆਧੁਨਿਕ ਕਾਲ ਵਿਚ ਦਾਖਲ ਹੋਇਆ ਤੇ ਆਧੁਨਿਕ ਰਾਜ ਬਨਣ ਲਈ ਸੰਘਰਸ਼ ਕਰਦਾ ਰਿਹਾ। ਸੰਘਰਸ਼ ਬਾਹਰੀ ਵੀ ਸੀ ਤੇ ਅੰਦਰੂਨੀ ਵੀ।

**ਜਾਣ ਪਛਾਣ (Introduction) :**

ਚੀਨ ਤੇ ਜਪਾਨ ਦੂਰ-ਪੂਰਬ ਜਾਂ ਦੱਖਣ ਪੂਰਬੀ ਏਸ਼ੀਆ ਦੇ ਪ੍ਰਮੁੱਖ ਦੇਸ਼ ਹਨ। ਆਧੁਨਿਕ ਕਾਲ ਵਿਚ ਇਨ੍ਹਾਂ ਦੇਸ਼ਾਂ ਦਾ ਇਤਿਹਾਸ, ਸੰਸਾਰ ਇਤਿਹਾਸ ਦਾ ਵੀ ਹਿੱਸਾ ਹੈ ਅਤੇ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਦਾ ਵੀ। ਕਿਉਂਕਿ ਇਹ ਇਤਿਹਾਸ ਯੂਰਪੀਨ ਬਸਤੀਵਾਦ ਨਾਲ ਸ਼ੁਰੂ ਹੁੰਦਾ ਹੈ। ਅਫੀਮ ਯੁੱਧ (1839-40)

ਜਿਸ ਨਾਲ ਚੀਨ ਬਸਤੀਵਾਦੀ ਦੌਰ ਵਿਚ ਦਾਖਲ ਹੋਇਆ ਤਾਂ ਹੀ ਸੰਭਵ ਸੀ ਕਿਉਂ ਜੋ 1834 ਤੱਕ ਬਰਤਾਨੀਆ ਨੂੰ ਭਾਰਤ ਵਿਚ ਵੱਡੀ ਸਫ਼ਲਤਾ ਮਿਲ ਚੁੱਕੀ ਸੀ। ਚੀਨੀ ਸਰਕਾਰ ਦਾ ਵਿਦੇਸ਼ੀਆਂ ਪ੍ਰਤੀ ਤੇ ਵਪਾਰ ਪ੍ਰਤੀ ਨਾਂਹਵਾਚੀ ਨਜ਼ਰੀਆ ਵੀ ਅੰਗਰੇਜ਼ਾਂ ਤੇ ਫਰਾਂਸੀਸੀਆਂ ਦੀਆਂ ਭਾਰਤ ਵਿਚ ਕੀਤੀਆਂ ਵਧੀਕੀਆਂ ਤੇ ਯੁੱਧਾਂ ਦਾ ਨਤੀਜਾ ਸੀ - ਭਾਵੇਂ ਕਿ ਇਸ ਦੇ ਹੋਰ ਵੀ ਇਤਿਹਾਸਕ, ਸਭਿਆਚਾਰਕ ਤੇ ਮਨੋਵਿਗਿਆਨਕ ਕਾਰਨ ਸਨ।

ਅਫੀਮ ਯੁੱਧਾਂ ਤੇ ਇਨ੍ਹਾਂ ਉਪਰੰਤ ਹੋਈਆਂ ਸੰਧੀਆਂ ਨੇ ਚੀਨੀਆਂ ਨੂੰ ਬਦਲਣ ਲਈ ਮਜਬੂਰ ਕੀਤਾ। ਚੀਨ ਦੀਆਂ ਹਾਰਾਂ ਨੇ ਜਪਾਨ ਨੂੰ ਵੀ ਜਗਾ ਦਿੱਤਾ। ਹਿੰਦਮਹਾਂਸਾਗਰ ਵਿਚ ਵਧਦਾ ਬਰਤਾਨਵੀ ਪ੍ਰਭਾਵ ਸਹਿਜੇ ਹੀ ਸ਼ਾਂਤਮਹਾਸਾਗਰ ਵੱਲ ਪਿਆ। ਇਸ ਤਰ੍ਹਾਂ ਦੱਖਣੀ ਚੀਨ ਦਾ ਪੂਰਬੀ ਸਮੁੰਦਰੀ ਤਟ ਤੇ ਇਸ ਦੀਆਂ ਬੰਦਰਗਾਹਾਂ ਯੂਰਪੀਨਾਂ ਲਈ ਖਿੱਚ, ਵਪਾਰ ਤੇ ਯੁੱਧ ਦਾ ਕਾਰਨ ਬਣੀਆਂ। ਉਹ ਸਮੁੰਦਰੀ ਤਟਾਂ ਤੇ ਰੁਕਣ ਵਾਲੇ ਨਹੀਂ ਸਨ ਅਤੇ ਨਾ ਰੁਕੇ।

ਅਫੀਮ ਯੁੱਧਾਂ ਦਾ ਸਭ ਤੋਂ ਪ੍ਰਮੁੱਖ ਪ੍ਰਭਾਵ ਚੀਨ ਵਿਚ ਕਿਸਾਨਾਂ ਦੀ ਬਗਾਵਤ ਦੇ ਰੂਪ ਵਿਚ ਸਾਹਮਣੇ ਆਇਆ। ਤਾਇਪਿੰਗ ਵਿਦਰੋਹ (1853-64) ਚੀਨੀ ਇਤਿਹਾਸ ਦੀ ਦੂਸਰੀ ਵੱਡੀ ਘਟਨਾ ਸੀ - ਇਸ ਦਾ ਜਿਕਰ ਅਸੀਂ ਵੱਖਰੇ ਪਾਠ ਵਿਚ ਕਰਾਂਗੇ।

## ਭੂਗੋਲ ਅਤੇ ਚੀਨੀ ਰਾਜ :

ਰਕਬੇ ਤੇ ਵਸੋਂ ਦੇ ਹਿਸਾਬ ਨਾਲ ਚੀਨ ਇਕ ਵਿਸ਼ਾਲ ਦੇਸ਼ ਹੈ। ਇਸ ਪਾਸ 42, 77, 170 ਵਰਗ ਮੀਲ ਇਕਸਾਰ ਭੂਮੀ ਹੈ। ਇਸ ਦੀਆਂ ਸਰਹੱਦਾਂ ਦੁਨੀਆਂ ਦੇ ਲਗਭਗ ਇਕ ਦਰਜਨ ਦੇਸ਼ਾਂ ਨਾਲ ਲਗਦੀਆਂ ਹਨ। ਕੁਝ ਦੇਸ਼ਾਂ ਦੇ ਨਾਮ ਹਨ :

| | | |
|---|---|---|
| (1) | ਮੰਗੋਲੀਆ | (ਉੱਤਰ ਵੱਲ) |
| (2) | ਰੂਸ, ਸਾਈਬੇਰੀਆ। | ” ” ” ” |
| (3) | ਅਫਗਾਨਿਸਤਾਨ, ਪਾਕਿਸਤਾਨ, ਭਾਰਤ | (ਉੱਤਰ ਪੱਛਮ ਵੱਲ) |
| (4) | ਨੇਪਾਲ | ” ” ” ” |
| (5) | ਭੂਟਾਨ | ” ” ” ” |
| (6) | ਸਿੱਕਮ | (ਪੱਛਮ-ਦੱਖਣ ਵੱਲ) |
| (7) | ਬਰਮਾ | (ਉੱਤਰ ਪੂਰਬ ਵੱਲ) |
| (8) | ਕੋਰੀਆ | (ਦੱਖਣ-ਪੂਰਬ) |
| (9) | ਲਾਓਸ | ” ” ” ” |
| (10) | ਵਿਤਨਾਮ | (ਦੱਖਣ ਪੂਰਬ ਵੱਲ) |

ਚੀਨ ਆਪਣੇ ਹੇਠ ਲਿਖੇ ਪ੍ਰਾਂਤਾਂ ਜਾਂ ਰਾਜਾਂ ਰਾਹੀਂ ਉੱਤਰ, ਉੱਤਰ ਪੱਛਮ ਤੇ ਉੱਤਰ-ਪੂਰਬ ਵੱਲ ਸਥਿਤ ਦੇਸ਼ਾਂ - ਜਿਨ੍ਹਾਂ ਦਾ ਜਿਕਰ ਅਸੀਂ ਉੱਪਰ ਕੀਤਾ ਹੈ - ਨਾਲ ਜੁੜਿਆ ਹੋਇਆ ਹੈ। ਧੁਰ-ਉੱਤਰ ਵੱਲ ਮਨਚੂਰੀਆ

ਦੇ ਮੈਦਾਨ ਅਤੇ ਤਿੰਨ ਮਨਚੂਰੀਅਨ ਰਾਜ (Heilungkiang, Kirin ਅਤੇ Liaoning) ਇਸ ਨੂੰ ਰੂਸ ਤੋਂ ਵੱਖ ਕਰਦੇ ਹਨ। ਉੱਤਰ ਪੱਛਮ ਵੱਲ ਚੀਨ ਦਾ ਵਿਸ਼ਾਲ ਰਾਜ Sinkiang ਇਸ ਨੂੰ ਰੂਸ, ਅਫ਼ਗਾਨਿਸਤਾਨ, ਪਾਕਿਸਤਾਨ ਤੇ ਭਾਰਤ ਤੋਂ (ਕਸ਼ਮੀਰ ਰਾਹੀਂ) ਵੱਖ ਕਰਦਾ ਹੈ। ਦੱਖਣ ਪੱਛਮ ਵਿਚ ਤਿੱਬਤ ਦੀ ਪਠਾਰ ਚੀਨ ਨੂੰ ਨੇਪਾਲ, ਸਿੱਕਮ, ਭੂਟਾਨ ਤੇ ਬਰਮਾ ਤੋਂ ਵੱਖ ਕਰਦੀ ਹੈ। ਆਪਣੇ ਦੱਖਣੀ ਪ੍ਰਾਂਤ Yunnan ਰਾਹੀਂ ਚੀਨ ਬਰਮਾ, ਲਾਓਸ ਤੇ ਉੱਤਰੀ ਵਿਤਨਾਮ ਨਾਲ ਜੁੜਦਾ ਹੈ। ਉੱਤਰ ਪੂਰਬ ਵੱਲ ਦੱਖਣੀ ਮਨਚੂਰੀਆਂ ਨੂੰ ਪਾਰ ਕਰਕੇ ਇਹ ਉੱਤਰੀ ਕੋਰੀਆ ਦੇ ਤੱਟ ਨਾਲ ਜਾ ਲਗਦਾ ਹੈ।

## ਪ੍ਰਮੁੱਖ ਦਰਿਆ :

ਚੀਨ ਦੇ ਤਿੰਨ ਪ੍ਰਮੁੱਖ ਦਰਿਆ ਹਨ (1) Yangtze-Kiang (2) Hwang Ho ਅਤੇ (3) Amur । ਯੰਗਜੀ ਕਿਆਂਗ ਨੂੰ 'ਪੀਲਾ ਦਰਿਆ' ਵੀ ਕਿਹਾ ਜਾਂਦਾ ਹੈ। ਚੀਨੀ ਸਭਿਅਤਾ ਦੇ ਇਤਿਹਾਸ ਵਿਚ ਇਸ ਨੂੰ 'River of Sorrow' ਵੀ ਆਖਦੇ ਹਨ ਕਿਉਂਕਿ ਇਹ ਹੜ੍ਹਾਂ ਰਾਹੀਂ ਖੂਬ ਤਬਾਹੀ ਮਚਾਉਂਦਾ ਹੈ। 1889 ਈ. ਵਿਚ ਇਸ ਦਰਿਆ ਨੇ 20 ਲੱਖ ਚੀਨੀ ਮਾਰ ਮੁਕਾਏ ਸਨ।

## ਉੱਤਰੀ ਚੀਨ ਦੇ ਰਾਜ ਅਤੇ ਸ਼ਹਿਰ :

ਇਤਿਹਾਸਕ ਤੌਰ ਤੇ ਚੀਨ ਉੱਤਰੀ ਅਤੇ ਦੱਖਣੀ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ।

## ਉੱਤਰ ਚੀਨ ਦੇ ਪ੍ਰਮੁੱਖ ਰਾਜ ਹਨ :

(1) ਹੋਨਾਨ (Honan)

(2) ਹੋਪਈ (Hopei)

(3) ਸ਼ਾਨਤੁੰਗ (ਅੱਧਾ ਹਿੱਸਾ) (Shantung)

(4) ਅਨਹਵਈ (Anhwei)

(5) ਕਿਆਂਗਸੂ (Kiangsu)

## ਟਾਈਂਟਸਨ (Tientsin) :

ਇਹ ਉੱਤਰੀ ਚੀਨ ਦੀ ਇਕੋ ਇਕ ਬੰਦਰਗਾਹ ਹੈ। ਇਹ ਸਮੁੰਦਰ ਤੋਂ 30 ਮੀਲ ਦੂਰ ਦਰਿਆ ਹਾਏ (Hai) ਉਤੇ ਸਥਿਤ ਹੈ।

## ਪੀਕਿੰਗ :

ਉੱਤਰੀ ਚੀਨ ਦਾ ਸਭ ਤੋਂ ਪ੍ਰਸਿੱਧ ਸ਼ਹਿਰ ਪੀਕਿੰਗ 920 ਈ. ਕੁਬਲੇਖਾਨ ਨੇ ਵਸਾਇਆ ਸੀ। ਇਹ ਚੀਨ ਦੀ ਰਾਜਧਾਨੀ ਹੈ।

## ਪੱਛਮ ਦੇ ਤਿੰਨ ਰਾਜ :

ਉੱਤਰੀ ਮੈਦਾਨ ਦੇ ਪੱਛਮ ਵਿਚ ਚੀਨ ਦੇ ਤਿੰਨ ਪ੍ਰਾਂਤ ਸਥਿਤ ਹਨ – ਇਨ੍ਹਾਂ ਦੇ ਨਾਮ ਹਨ :

(1) ਸ਼ਾਨਸੀ (Shansi)

(2) ਸ਼ੇਨਸੀ (Shensi) (ਸਾਰਾ ਨਹੀਂ ਪਰ ਵੱਡਾ ਹਿੱਸਾ)

(3) ਕਾਨਸੂ (Kansu)

ਇਨ੍ਹਾਂ ਤੋਂ ਇਲਾਵਾ ਕਹਾਰ (Chahar), ਸੂਈਅਨਾਨ (Suiynan), ਨਿਨਗਸ਼ੀਆ (Ningsia) ਦੇ ਕੁਝ ਭਾਗ ਵੀ ਇਸ ਖਿੱਤੇ ਵਿਚ ਆਉਂਦੇ ਹਨ।

## ਮਨਚੂਰੀਆ :

ਜਿਵੇਂ ਕਿ ਅਸੀਂ ਉਪਰ ਦੱਸਿਆ ਹੈ ਮਨਚੂਰੀਆ ਦੇ ਮੈਦਾਨਾਂ ਨੇ ਚੀਨ ਨੂੰ ਤਿੰਨ ਪ੍ਰਾਂਤ ਦਿੱਤੇ ਹਨ। ਦੋ ਲੱਖ ਚਾਲੀ ਹਜਾਰ ਵਰਗ ਮੀਲ ਦਾ ਇਹ ਉਪਜਾਊ ਖਿੱਤਾ ਤਿੰਨ ਪਾਸਿਉਂ ਪਹਾੜਾਂ ਨਾਲ ਘਿਰਿਆ ਹੈ। ਮੁਕਦੇਨ (Mukden) ਜਿਹੜਾ ਕਿ Liaoning ਪ੍ਰਾਂਤ ਦੀ ਰਾਜਧਾਨੀ ਹੈ ਮਨਚੂਰੀਆ ਦਾ ਪ੍ਰਮੁੱਖ ਸ਼ਹਿਰ ਹੈ। ਡਾਇਰੇਨ (Dairen) ਲਿਉਂਤੁੰਗ ਪੈਨਿਨਸੂਲਾ ਦੀ ਜੀਭੀ ਉੱਪਰ ਸਥਿਤ ਵੱਡੀ ਬੰਦਰਗਾਹ ਹੈ।

## ਦੱਖਣੀ-ਚੀਨ ਦੇ ਰਾਜ :

ਦੱਖਣੀ ਚੀਨ ਕੋਲ ਪੱਧਰੀ ਜ਼ਮੀਨ ਬਹੁਤ ਘੱਟ ਹੈ। ਪਰੰਤੂ ਬਾਰਸ਼ ਜਿਆਦਾ ਹੋਣ ਕਾਰਨ ਹਰਿਆ ਭਰਿਆ ਰਹਿੰਦਾ ਹੈ। ਉੱਤਰ ਚੀਨੀਆਂ ਦੇ ਮੁਕਾਬਲੇ ਮਨੁੱਖੀ ਕੱਦ ਛੋਟੇ ਹਨ। ਦੱਖਣੀ ਚੀਨ ਚਾਵਲ ਦੀ ਖੇਤੀ ਲਈ ਪ੍ਰਸਿੱਧ ਹੈ। ਇਸ ਤੋਂ ਇਲਾਵਾ ਕਪਾਹ ਤੇ ਰੇਸ਼ਮ ਪੈਦਾ ਹੁੰਦਾ ਹੈ। ਦੱਖਣੀ ਚੀਨ ਦੇ ਰਾਜਾਂ ਵਿਚ ਕਿਆਂਗਸੀ (Kiangsi) ਅਤੇ ਚੀਕਿਆਂਗ (Chekiang) ਪ੍ਰਮੁੱਖ ਹਨ।

ਸਿੰਘਾਈ ਸ਼ਹਿਰ ਦੱਖਣੀ ਚੀਨ ਦਾ ਸਭ ਤੋਂ ਪ੍ਰਸਿੱਧ ਸ਼ਹਿਰ ਹੈ। ਇਹ ਸ਼ਹਿਰ ਸਮੁੰਦਰ ਤੋਂ 14 ਮੀਲ ਦੂਰੀ ਤੇ ਦਰਿਆ ਵਾਂਗ ਪੋ (Whang po) ਉੱਪਰ ਸਥਿਤ ਬੰਦਰਗਾਹ ਹੈ। ਸਿੰਘਾਈ ਏਸ਼ੀਆ ਦੇ ਪ੍ਰਮੁੱਖ ਵਪਾਰਕ ਕੇਂਦਰਾਂ ਵਿਚ ਸ਼ਾਮਲ ਹੈ। ਇਸ ਸ਼ਹਿਰ ਤੋਂ 100 ਮੀਲ ਦੇ ਫਾਸਲੇ ਤੇ Hangchow ਦਾ ਖੂਬਸੂਰਤ ਸ਼ਹਿਰ ਹੈ। ਹਨ (Han) ਦਰਿਆ ਤੇ ਸਥਿਤ Hankow ਸ਼ਹਿਰ ਵੀ ਕਾਫੀ ਵੱਡਾ ਹੈ।

ਦੱਖਣੀ ਚੀਨ ਦੇ ਪੱਛਮ ਜਾਂ ਤਿੱਬਤ ਵੱਲ ਦਾ ਖੇਤਰ ਬਹੁਤ ਪਛੜਿਆ ਹੈ। ਪ੍ਰਮੁੱਖ ਰਾਜ Szechuan ਹੈ। ਇਥੇ ਵਰਖਾ ਬਹੁਤ ਘੱਟ ਹੁੰਦੀ ਹੈ। ਇਸ ਦੀ ਰਾਜਧਾਨੀ ਚੁੰਗਕਿੰਗ (Chungking) ਹੈ।

## ਦੱਖਣੀ ਚੀਨ ਦਾ ਪੂਰਬੀ ਤੱਟ (The Eastern Sea-Board) :

ਦੱਖਣੀ ਚੀਨ ਦਾ ਪੂਰਬੀ ਤੱਟ 18ਵੀਂ ਤੇ 19ਵੀਂ ਸਦੀਆਂ ਵਿਚ ਯੂਰਪੀਨ ਸ਼ਕਤੀਆਂ ਦੀ ਘੁਸਪੈਠ ਕਾਰਨ ਅਚਾਨਕ ਮਹੱਤਵਪੂਰਨ ਬਣ ਗਿਆ। ਸਿੰਘਾਈ ਤੇ ਕੈਨਟਨ (Canton) ਵਿਚਕਾਰ ਦੀ ਇਹ 70,000 ਵਰਗ ਮੀਲ ਪੱਟੀ ਦੋ ਮੁੱਖ ਰਾਜਾਂ ਨੂੰ ਜਨਮ ਦਿੰਦੀ ਹੈ। ਰਾਜ ਹਨ (1) ਕਵਾਂਗਤੁੰਗ (Kwangtung) ਅਤੇ (2) ਕਵਾਂਗਸੀ (Kwangsi) ਇਹ ਦੋਵੇਂ ਰਾਜ ਕੈਂਨਟਨ ਦੀ ਪਿੱਠ ਭੂਮੀ (hinterland) ਹਨ।

## ਕੈਂਨਟਨ :

ਚੀਨ ਦੀ ਇਹ ਬੰਦਰਗਾਹ ਪਰਿਲ ਦਰਿਆ (Pearl River) ਤੇ ਸਥਿਤ ਹੈ। ਇਸ ਦੀ ਸਥਾਪਨਾ 1053 ਈ. ਨੂੰ ਹੋਈ। ਉਸ ਵੇਲੇ ਇਸ ਦਾ ਨਾਮ ਕਵਾਂਗ ਚੋਅ (Kwang Chow) ਸੀ। 1852 ਤੱਕ ਚੀਨੀ ਸਰਕਾਰ ਵੱਲੋਂ ਯੂਰਪੀਨਾਂ ਲਈ ਖੋਲੀ ਗਈ ਇਹ ਪਹਿਲੀ ਅਤੇ ਇਕੱਲੀ ਬੰਦਰਗਾਹ ਸੀ।

## ਚੀਨੀ ਰਾਜਾਂ ਤੇ ਕੁਝ ਸ਼ਹਿਰਾਂ ਦੇ ਨਾਮ :

ਚੀਨੀ ਰਾਜਾਂ ਤੇ ਸ਼ਹਿਰਾਂ ਦੇ ਨਾਮ ਮੂਲ ਰੂਪ ਵਿਚ ਦਰਿਆਵਾਂ, ਝੀਲਾਂ ਤੇ ਪਹਾੜਾਂ ਤੋਂ ਉਨ੍ਹਾਂ ਦੀ ਭੂਗੋਲਿਕ ਦਿਸ਼ਾ ਤੇ ਸਥਿਤੀ ਅਨੁਸਾਰ ਬਣੇ ਸਨ, ਪਰੰਤੂ ਪੱਛਮੀ ਜਾਂ ਯੂਰਪੀਨ ਪ੍ਰਭਾਵ ਕਾਰਨ ਇਹ ਮੂਲ ਨਾਮ ਵੱਟ ਗਏ। ਹੇਠਾਂ ਇਨ੍ਹਾਂ ਦੀ ਸੂਚੀ ਅੰਗਰੇਜ਼ੀ ਭਾਸ਼ਾ ਤੇ ਚੀਨੀ ਭਾਸ਼ਾ ਵਿਚ ਪੇਸ਼ ਹੈ :

| | **ਅੰਗਰੇਜ਼ੀ ਭਾਸ਼ਾ** | **ਚੀਨੀ ਭਾਸ਼ਾ** |
|---|---|---|
| 1. | Anhwei | On Whay |
| 2. | Chekiang | Jev Jiang |
| 3. | Fukien | Fu Jien |
| 4. | Heilung Kiang | hay hong Jiang |
| 5. | Honan | hoe nan |
| 6. | Hopei | hu bay |
| 7. | Jehol | Ji hoe |
| 8. | Kansu | gau Soo |
| 9. | Kiangsi | Jiang see |
| 10. | Kiangsu | Jiang su |
| 11. | Kirih | gee hi |
| 12. | Kwangsi | gwang see |
| 13. | Kwangtung | gwang chung |
| 14. | Kweichow | gwei Joe |
| 15. | Liaoning | Liao ning |
| 16. | Shansi | Shan see |
| 17. | Shantung | Shan doong |
| 18. | Shensi | Shen see |
| 19. | Sikiang | see Kang |
| 20. | Szechuan | ssu chuan |
| 21. | Tsinghai | Chiang hai |

### ਸ਼ਹਿਰਾਂ ਦੇ ਨਾਮ :

| | | |
|---|---|---|
| 22. | Yunan | Yoon nan |
| 23. | Sinkiang | Isiu geeong |
| 24. | Shanghai | Shang hai |
| 25. | Peking | bay King |

**ਆਪਣਾ ਗਿਆਨ ਪਰਖੋ :**

1. ਚੀਨ ਦਾ ਕਿਹੜਾ ਰਾਜ ਇਸ ਨੂੰ ਬਰਮਾ, ਲਾਓਸ ਤੇ ਉੱਤਰੀ ਵਿਤਨਾਮ ਨਾਲ ਜੋੜਦਾ ਹੈ ?
2. ਉੱਤਰੀ ਚੀਨ ਦੀ ਪ੍ਰਮੁੱਖ ਬੰਦਰਗਾਹ ਦਾ ਨਾਮ ਦੱਸੋ।
3. ਮਨਚੂਰੀਆ ਦਾ ਪ੍ਰਮੁੱਖ ਸ਼ਹਿਰ ਕਿਹੜਾ ਸੀ ?
4. ਦੱਖਣੀ ਚੀਨ ਦਾ ਕਿਹੜਾ ਸ਼ਹਿਰ ਏਸ਼ੀਆ ਦੇ ਵੱਡੇ ਵਪਾਰਕ ਕੇਂਦਰਾਂ ਵਿਚ ਗਿਣਿਆ ਜਾਂਦਾ ਸੀ?
5. 1842 ਈ. ਤੱਕ ਕਿਹੜੀ ਚੀਨੀ ਬੰਦਰਗਾਹ ਵਿਦੇਸ਼ੀ ਵਪਾਰ ਲਈ ਖੁਲ੍ਹੀ ਸੀ ?

**ਚੀਨ ਵਿਚ ਯੂਰਪੀ ਸ਼ਕਤੀਆਂ :**

1820-25 ਤੱਕ ਚੀਨ ਵਿਚ ਯੂਰਪੀ ਸ਼ਕਤੀਆਂ ਦਾ ਸਥਾਨ ਲਗਭਗ ਉਹੀ ਸੀ ਜਿਹੜਾ ਕਿ 1748 ਈ. ਤੱਕ ਭਾਰਤ ਵਿੱਚ। ਉਨ੍ਹਾਂ ਦੀ ਮੌਜੂਦਗੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਨ :

(ੳ) ਯੂਰਪੀਨ ਸਮੁੰਦਰ ਤੱਟ ਉੱਪਰ ਕੁਝ ਸਟੇਸ਼ਨ ਕਾਇਮ ਕਰ ਚੁੱਕੇ ਸਨ। ਪਰੰਤੂ ਉਨ੍ਹਾਂ ਪਾਸ ਅਜੇ ਤੱਕ ਫੌਜੀ ਜਾਂ ਰਾਜਨੀਤਕ ਪ੍ਰਭਾਵ ਨਹੀਂ ਸੀ।

(ਅ) ਉਹ ਕੇਵਲ ਵਪਾਰ ਵਿਚ ਦਿਲਚਸਪੀ ਰੱਖਦੇ ਸਨ, ਯੂਰਪੀ ਸ਼ਕਤੀਆਂ ਵਿਚ ਮੁਕਾਬਲਾ ਸੀ ਤੇ ਇਹ ਆਪਸ ਵਿਚ ਲੜਦੇ-ਝਗੜਦੇ ਸਨ। ਉਹ ਇਕ ਦੂਸਰੇ ਦੇ ਦੁਸ਼ਮਣ ਸਨ।

(ੲ) ਉਹ ਚੀਨ ਦੇ ਅੰਦਰੂਨੀ ਭਾਗਾਂ ਵਿਚ ਨਹੀਂ ਜਾਂਦੇ ਸਨ। ਮੁਨਾਫ਼ੇ ਵਾਸਤੇ ਉਨ੍ਹਾਂ ਨੇ ਚੀਨੀ ਮਿਡਲ-ਮੈਨ ਰੱਖੇ ਸਨ - ਇਨ੍ਹਾਂ ਨੂੰ ਕੰਮਪਰਾਡੋਰ ਆਖਦੇ ਸਨ।

**ਚੀਨੀ ਤੇ ਭਾਰਤੀ ਸਥਿਤੀ ਵਿਚ ਅੰਤਰ :**

ਉੱਪਰ ਦਿੱਤੀਆਂ ਤਿੰਨ ਸਮਾਨਤਾਵਾਂ ਦੇ ਬਾਵਜੂਦ ਭਾਰਤੀ ਤੇ ਚੀਨੀ ਸਥਿਤੀ ਵਿਚ ਦੋ ਅੰਤਰ ਸਨ:

(1) ਭਾਰਤੀ ਹੁਕਮਰਾਨ ਸ਼ਕਤੀਆਂ ਪੱਛਮੀ ਵਪਾਰ ਨੂੰ ਉਤਸ਼ਾਹ ਦਿੰਦੀਆਂ ਸਨ ਤੇ ਇੰਝ ਵਿਦੇਸ਼ੀ ਵਪਾਰ ਭਾਰਤੀ ਆਰਥਿਕਤਾ ਦਾ ਅਹਿਮ ਹਿੱਸਾ ਬਣ ਗਿਆ। ਪਾਂਡੀਚਰੀ ਤੇ ਮਦਰਾਸ ਵਰਗੇ ਵਪਾਰਕ ਕੇਂਦਰ ਹੋਂਦ ਵਿਚ ਆਏ, ਪਰੰਤੂ ਚੀਨੀ ਸਰਕਾਰ ਸਮੁੰਦਰੀ ਜਾਂ ਵਿਦੇਸ਼ੀ ਵਪਾਰ ਵਿਚ ਹਿੱਤ ਨਹੀਂ ਰੱਖਦੀ ਸੀ। ਚੀਨ ਦਾ ਬਾਦਸ਼ਾਹ ਤੇ ਰਾਜ ਪ੍ਰਬੰਧ ਵਪਾਰ ਨੂੰ ਸਰਕਾਰ ਦਾ ਕੰਮ ਨਹੀਂ ਮੰਨਦੇ ਸਨ। ਉਹ ਇਸ ਨੂੰ ਬੇਲੋੜਾ ਤੇ ਮਾਨ-ਸਨਮਾਨ ਰਹਿਤ ਵਸਤੂ ਆਖਦੇ ਸਨ।

(2) ਦੂਸਰਾ ਅੰਤਰ ਰਾਜਨੀਤਕ ਸੀ। ਚੀਨ ਦੀ ਸਰਕਾਰ ਤੇ ਰਾਜ ਪ੍ਰਬੰਧ ਨੇ ਵਿਦੇਸ਼ੀ ਸ਼ਕਤੀਆਂ ਵੱਲੋਂ ਵਪਾਰ ਦੇ ਨਾਮ ਥੱਲੇ ਕੀਤੇ ਗਏ ਉਨ੍ਹਾਂ ਸਾਰੇ ਯਤਨਾਂ ਨੂੰ ਅਸਫਲ ਕੀਤਾ ਜਿਨ੍ਹਾਂ ਦਾ ਮੰਤਵ ਚੀਨ ਦੀ ਏਕਤਾ ਨੂੰ ਤੋੜਨਾ ਸੀ। ਜਿਥੇ 1740 ਈ. ਤੱਕ ਭਾਰਤ ਵਿੱਚ ਕੇਂਦਰੀ ਜਾਂ ਮੁਗਲ ਸ਼ਕਤੀ ਤਕਰੀਬਨ ਖਤਮ ਹੋ ਚੁੱਕੀ ਸੀ ਉਥੇ ਚੀਨ ਦੀਆਂ ਰਾਜ ਸਰਕਾਰਾਂ ਜਾਂ ਪ੍ਰਾਂਤਾਂ ਦੇ ਗਵਰਨਰ ਕੇਂਦਰ ਪ੍ਰਤੀ ਵਫਾਦਾਰ ਰਹੇ ਤੇ ਉਹ ਬਾਦਸ਼ਾਹ ਦੇ ਹੁਕਮ ਤੋਂ ਕੰਬਦੇ ਸਨ। ਅੰਗਰੇਜ਼ ਤੇ ਫਰਾਂਸੀਸੀ ਚੀਨ ਨੂੰ ਹਰਾ ਸਕਦੇ ਸਨ ਪਰੰਤੂ ਪੂਰੀ ਤਰ੍ਹਾਂ ਇਸ ਦੀ ਰਾਜਨੀਤਕ ਪ੍ਰਣਾਲੀ ਤੇ ਏਕਤਾ ਨੂੰ ਤੋੜ ਨਹੀਂ ਸਕੇ। ਉਹ ਲੰਮਾ ਅਰਸਾ ਬਾਦਸ਼ਾਹ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਰਹੇ।

## 19ਵੀਂ ਸਦੀ ਦੀਆਂ ਹੋਰ ਵਿਸ਼ੇਸ਼ਤਾਵਾਂ :

1815 ਈ. ਦੀ ਵਾਟਰਲੂ ਦੀ ਜਿੱਤ ਉਪਰੰਤ ਬਰਤਾਨੀਆ ਵਿਸ਼ਵ ਦੀ ਸਭ ਤੋਂ ਸ਼ਕਤੀਸਾਲੀ ਸਾਮਰਾਜੀ ਸ਼ਕਤੀ ਬਣ ਗਿਆ। ਫਰਾਂਸ ਬਹੁਤ ਪੱਛੜ ਚੁੱਕਿਆ ਸੀ। ਹੁਣ ਦੁਨੀਆਂ ਦੀ ਕੋਈ ਵੀ ਸ਼ਕਤੀ ਆਰਥਿਕ ਪੱਖੋਂ, ਫੌਜੀ ਪੱਖੋਂ ਤੇ ਸਦਾਚਾਰਕ ਪੱਖੋਂ ਇੰਗਲੈਂਡ ਦੇ ਬਰਾਬਰ ਨਹੀਂ ਸੀ।

ਦੁਨੀਆਂ ਨੂੰ ਜਿੱਤਣ ਵਾਲੇ ਮੁੱਢਲੇ ਦੌਰ ਦੇ ਦੇਸ਼ ਜਿਵੇਂ ਕਿ ਸਪੇਨ, ਪੁਰਤਗਾਲ, ਹਾਲੈਂਡ ਬਹੁਤ ਪਿੱਛੇ ਰਹਿ ਚੁੱਕੇ ਸਨ। ਸਪੇਨ ਅਧੀਨ ਅਜੇ ਵੀ ਫਿਲਪੀਨਜ ਸੀ। ਹਾਲੈਂਡ ਦੀ ਹਾਲਤ ਹੋਰ ਵੀ ਪਤਲੀ ਸੀ। 1816 ਈ. ਨੂੰ ਇੰਗਲੈਂਡ ਨੇ ਇਸ ਨੂੰ ਇੰਡੋਨੇਸ਼ੀਆ ਤਾਂ ਦੇ ਦਿੱਤਾ ਸੀ ਪਰ ਸ੍ਰੀ ਲੰਕਾ ਜਾਂ ਸੀਲੋਨ ਇਸ ਤੋਂ ਲੈ ਲਿਆ ਸੀ। ਇਸ ਤਰ੍ਹਾਂ ਰੂਸ ਨੂੰ ਛੱਡ ਕੇ ਬਾਕੀ ਸਾਰਾ ਯੂਰਪ 1816 ਤੋਂ 1848 ਤੱਕ ਇੰਗਲੈਂਡ ਜਾਂ ਬਰਤਾਨੀਆਂ ਮੂਹਰੇ ਝੁਕ ਚੁੱਕਾ ਸੀ।

## ਇੰਗਲੈਂਡ ਤੇ ਚੀਨ :

1619 ਈ. ਨੂੰ ਇੰਗਲੈਂਡ ਨੇ ਆਪਣੇ ਪੱਕੇ ਦੁਸ਼ਮਣ ਡੱਚਾਂ ਨਾਲ ਵਪਾਰਕ ਸੰਧੀ ਕਰਕੇ ਚੀਨ ਨਾਲ ਵਪਾਰ ਸ਼ੁਰੂ ਕੀਤਾ। ਪਰੰਤੂ ਕੇਵਲ 1685 ਈ. ਵਿਚ ਹੀ ਇੰਗਲੈਂਡ ਆਪਣੀ ਪਹਿਲੀ ਫੈਕਟਰੀ ਚੀਨ ਦੀ ਬੰਦਰਗਾਹ ਕੈਨਟਨ ਵਿਚ ਸਥਾਪਤ ਕਰ ਸਕਿਆ। ਇਸ ਨੇ ਨਿੰਗਪੋ (Ningpo) ਵਿਖੇ ਵੀ ਸਟੇਸ਼ਨ ਸਥਾਪਤ ਕਰ ਲਿਆ। 1715 ਈ. ਨੂੰ ਕੈਨਟਨ ਦੀ ਫੈਕਟਰੀ ਪੱਕੇ ਰੂਪ ਵਿਚ ਸਥਾਪਤ ਕਰ ਲਈ ਗਈ। ਹੁਣ ਈਸਟ ਇੰਡੀਆ ਕੰਪਨੀ ਦੇ ਜਹਾਜ ਹਰ ਸਾਲ ਕੈਨਟਨ ਆਉਣ ਲੱਗੇ। ਕੈਨਟਨ ਵਿਚ ਅੰਗਰੇਜ਼ ਵਪਾਰੀਆਂ ਦਾ ਵਾਸਤਾ ਹੋਪੋ ਅਤੇ ਕੋਹਾਂਗ ਨਾਲ ਪੈਂਦਾ ਸੀ। ਹੋਪੋ (Hoppo or Huppo) ਚੀਨ ਦੀ ਕੇਂਦਰੀ ਜਾਂ ਇੰਮਪੀਰੀਅਲ ਸਰਕਾਰ ਦਾ ਕਸਟਮ ਕਮਿਸ਼ਨਰ ਸੀ। ਇਹ ਹੀ ਹਰ ਵਿਦੇਸ਼ੀ ਵਪਾਰੀ ਜਾਂ ਫਰਮ ਨੂੰ ਵਪਾਰ ਦੀ ਕੈਨਟਨ ਬੰਦਰਗਾਹ ਰਾਹੀਂ ਇਜ਼ਾਜਤ ਦਿੰਦਾ ਸੀ। ਕੋਹਾਂਗ ਚੀਨੀ ਵਪਾਰੀਆਂ ਦਾ ਸੰਗਠਨ ਸੀ। ਇਸ ਨੂੰ ਚੀਨੀ ਸਰਕਾਰ ਦੀ ਮਾਨਤਾ ਪ੍ਰਾਪਤ ਸੀ। ਹਰ ਵਿਦੇਸ਼ੀ ਵਪਾਰੀ ਲਈ ਜ਼ਰੂਰੀ ਸੀ ਕਿ ਉਹ ਕੋਹਾਂਗ ਦੇ ਕਿਸੇ ਇਕ ਚੀਨੀ ਵਪਾਰੀ ਦੀ ਜਾਮਨੀ (Security) ਹਾਸਲ ਕਰੇ ਅਤੇ ਕੇਵਲ ਆਪਣੇ ਜਾਮਨ ਰਾਹੀਂ ਹੀ ਵਪਾਰ ਕਰੇ। ਜਿੱਥੇ ਹੋਪੋ ਚੀਨੀ ਸਰਕਾਰ ਦਾ ਕਸਟਮ ਕਮਿਸ਼ਨਰ ਸੀ ਉਥੇ ਕੋਹਾਂਗ ਇਕ ਅਜਿਹੀ ਸਰਕਾਰੀ ਏਜੰਸੀ ਜਿਸ ਰਾਹੀਂ ਵਪਾਰ ਤੋਂ ਪੈਦਾ ਹੋਇਆ ਧਨ ਚੀਨ ਤੋਂ ਬਾਹਰ ਜਾਂ ਅੰਦਰ ਆਉਂਦਾ ਸੀ। ਇਸ ਤਰ੍ਹਾਂ ਚੀਨ ਦੇ ਵਿਦੇਸ਼ੀਆਂ ਨਾਲ ਸੰਬੰਧਾਂ ਵਿਚ ਕੈਨਟਨ ਦਾ ਵਪਾਰ ਮਹੱਤਵਪੂਰਨ ਤੱਤ ਸੀ। ਇਸੇ ਵਪਾਰ ਨੇ ਹੀ ਚੀਨ ਲਈ ਅਨੇਕਾਂ ਰਾਜਨੀਤਕ ਮੁਸ਼ਕਲਾਂ ਪੈਦਾ ਕੀਤੀਆਂ। ਇਨ੍ਹਾਂ ਮੁਸ਼ਕਲਾਂ ਵਿਚ ਹੀ ਅਫੀਮ ਯੁੱਧ ਸ਼ਾਮਲ ਸੀ। ਠੀਕ ਇਸ ਕਾਰਨ ਇਸ ਵਪਾਰ ਨੂੰ ਸਮਝਣਾ ਜ਼ਰੂਰੀ ਹੈ।

## ਕੈਨਟਨ ਵਿਖੇ ਵਪਾਰ :

ਜਿਵੇਂ ਕਿ ਅਸੀਂ ਉਪਰ ਵੇਖਿਆ ਹੈ ਵਪਾਰ ਚੀਨੀ ਬਾਦਸ਼ਾਹ ਜਾਂ ਰਾਜ ਪ੍ਰਬੰਧ ਦੇ ਕੰਮਾਂ ਵਿਚ ਸ਼ਾਮਲ ਨਹੀਂ ਸੀ। ਜਿਵੇਂ ਕਿ ਇਹ ਪੂੰਜੀਵਾਦ ਦੇ ਜਨਮ ਨਾਲ ਉਦਯੋਗਿਕ ਕ੍ਰਾਂਤੀ ਪਿਛੋਂ ਇੰਗਲੈਂਡ ਤੇ ਯੂਰਪ/ਪੱਛਮ ਦੇ ਦੂਸਰੇ ਦੇਸ਼ਾਂ ਵਿਚ ਵਾਪਰ ਚੁੱਕਿਆ ਸੀ। ਇਸ ਕਰਕੇ ਜਿਥੇ ਪੱਛਮੀ ਵਪਾਰੀ ਚੀਨ ਨਾਲ ਵਪਾਰਕ ਸੰਬੰਧ ਸਥਾਪਤ ਕਰਨ ਵਿਚ ਕਾਹਲੇ ਰਹਿੰਦੇ ਸਨ ਉਥੇ ਚੀਨੀ ਸਰਕਾਰ ਇਨ੍ਹਾਂ ਵਪਾਰੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਸੀ - ਖ਼ਾਸ ਕਰਕੇ ਭਾਰਤ ਵਿਚ ਪਲਾਸੀ (1757) ਤੇ ਬਕਸਰ (1764) ਦੇ ਯੁੱਧਾਂ ਤੋਂ ਪਿਛੋਂ

ਕਿਉਂਕਿ ਤਿੱਬਤ ਤੇ ਬੰਗਾਲ ਰਾਹੀਂ ਭਾਰਤ ਉਪਰ ਅੰਗਰੇਜ਼ੀ ਕੰਪਨੀ ਦੀਆਂ ਜਿੱਤਾਂ ਦੀ ਖਬਰ ਲਗਾਤਾਰ ਚੀਨ ਪੁੱਜ ਜਾਂਦੀ ਸੀ। ਠੀਕ ਇਹ ਹੀ ਕਾਰਨ ਸੀ ਕਿ ਚੀਨ ਦੀ ਸਰਕਾਰ ਨੇ ਆਪਣੇ ਦੱਖਣੀ ਇਲਾਕੇ ਦੀ ਬਹੁਤ ਗੈਰ-ਮਹੱਤਵਪੂਰਨ ਬੰਦਰਗਾਹ - ਕੈਨਟਨ - ਵਿਦੇਸ਼ੀ ਵਪਾਰ ਲਈ ਖੋਲ੍ਹੀ ਸੀ। ਵਿਦੇਸ਼ੀ ਵਪਾਰੀ ਮੈਕਾਓ (Macao) ਨਾਮ ਦੇ ਸਥਾਨ ਤੇ ਰਹਿੰਦੇ ਸਨ - ਜਿੱਥੇ ਉਨ੍ਹਾਂ ਦੇ ਟਰੇਡ-ਡੀਪੂ ਤੇ ਰਿਹਾਇਸ਼ਾਂ ਸਨ। ਉਹ ਕੈਨਟਨ ਵਿਚ ਕੇਵਲ ਵਪਾਰ ਦੇ ਮੌਸਮ ਵਿਚ ਜਾ ਸਕਦੇ ਸਨ ਪਰੰਤੂ ਆਪਣੇ ਬੱਚੇ ਜਾਂ ਪਤਨੀਆਂ ਨਹੀਂ ਲਿਆ ਸਕਦੇ ਸਨ। ਉਹ ਕੈਨਟਨ ਵਿਚ ਵਸ ਨਹੀਂ ਸਕਦੇ ਸਨ। ਚੀਨੀ ਇਨ੍ਹਾਂ ਵਪਾਰੀਆਂ ਨੂੰ ਅਸੱਭਿਅਕ ਮੰਨਦੇ ਸਨ। ਹੋਪੋ ਤੇ ਕੋਹਾਂਗ ਰਾਹੀਂ ਵਿਦੇਸ਼ੀ ਵਪਾਰੀਆਂ ਉਪਰ ਕੰਟਰੋਲ ਰੱਖਿਆ ਜਾਂਦਾ ਸੀ।

### ਹਾਲਾਤ ਵਿਚ ਤਬਦੀਲੀ :

ਈਸਟ ਇੰਡੀਆ ਕੰਪਨੀ ਦੀ ਭਾਰਤ ਵਿਚ ਸਫਲਤਾ ਨੇ ਚੀਨੀ ਵਪਾਰ ਵਿਚ ਲੱਗੇ ਕੰਪਨੀ ਦੇ ਵਪਾਰੀਆਂ ਦੀ ਸ਼ਕਤੀ ਵਿਚ ਬੇਹੱਦ ਵਾਧਾ ਕੀਤਾ। ਚੀਨੀ ਵਪਾਰ ਉੱਪਰ ਕੰਪਨੀ ਦੀ ਮਨੋਪਲੀ ਸੀ ਤੇ 1833 ਈ. ਤੱਕ ਬਣੀ ਰਹੀ। ਕਾਲੀ ਚਾਹ ਵਪਾਰ ਦੀ ਮੁੱਖ ਵਸਤੂ ਸੀ। ਇਸ ਸਮੇਂ ਤੱਕ ਚਾਹ ਇੰਗਲੈਂਡ ਦੀ ਕੌਮੀ ਡਿਰੰਕ (National beverage) ਬਣ ਗਈ ਸੀ। ਚੀਨ ਦੀ ਫੂਕੀਅਨ (Fukien) ਰਿਆਸਤ ਕਾਲੀ ਚਾਹ ਦੀ ਪੈਦਾਵਾਰ ਲਈ ਮਸ਼ਹੂਰ ਸੀ। ਚਾਹ ਵਪਾਰ ਉੱਪਰ ਕੰਪਨੀ ਦੀ ਮਨੋਪਲੀ ਕਾਰਨ ਬਰਤਾਨੀਆ ਚੀਨੀ ਚਾਹ ਦਾ ਸਭ ਤੋਂ ਵੱਡਾ ਖਪਤਕਾਰ ਤੇ ਵਪਾਰੀ ਸੀ। ਬਾਕੀ ਸਾਰੇ ਯੂਰਪ ਦੇ ਚਾਹ ਦੇ ਵਪਾਰੀ ਬਰਤਾਨੀਆ ਵੱਲੋਂ ਖਰੀਦੀ ਚਾਹ ਦਾ ਕੇਵਲ 1/7 ਹਿੱਸਾ ਹੀ ਖਰੀਦ ਰਹੇ ਸਨ।

### ਚਾਹ ਤੋਂ ਅਫੀਮ ਵੱਲ :

ਚਾਹ ਵਪਾਰ ਵਿਚ ਕੰਪਨੀ ਦੀ ਉਪਨਿਵੇਸ਼ (investment) ਹੌਲੀ ਹੌਲੀ ਮੰਗ ਕਰਨ ਲੱਗਿਆ ਕਿ ਕੰਪਨੀ ਸਰਕਾਰ ਅਫੀਮ ਵੇਚੇ। ਭਾਰਤ ਅੰਦਰ ਗਵਰਨਰ-ਜਨਰਲ ਵਾਰਨ ਹੇਸਟਿੰਗ (1773-83) ਨੇ ਬੰਗਾਲ ਪ੍ਰਸ਼ਾਸਨ ਨੂੰ ਅਫੀਮ ਦੇ ਵਪਾਰ ਕਰਨ ਲਈ ਢੁਕਵੇਂ ਯਤਨ ਕਰਨ ਦਾ ਹੁਕਮ ਦਿੱਤਾ। ਭਾਰਤ ਸਰਕਾਰ ਦੀ ਅਫੀਮ ਨੀਤੀ ਵੱਲ ਅਸੀਂ ਫਿਰ ਪਰਤਾਂਗੇ। ਫਿਲਹਾਲ ਅਸੀਂ ਕੈਨਟਨ ਦੇ ਵਪਾਰ ਦੀ ਗੱਲ ਕਰ ਰਹੇ ਹਾਂ।

### ਵਪਾਰਕ ਸੰਬੰਧਾਂ ਤੋਂ ਕੂਟਨੀਤਕ/ਰਾਜਨੀਤਕ ਸੰਬੰਧਾਂ ਵੱਲ :

ਚੀਨ ਵਿਚ ਮੌਜੂਦ ਯੂਰਪੀਨਾਂ ਦੀ ਗਿਣਤੀ ਦਾ ਵੱਡਾ ਹਿੱਸਾ ਅੰਗਰੇਜ਼ੀ ਕੰਪਨੀ ਨਾਲ ਜੁੜਿਆ ਹੋਇਆ ਸੀ। 1816 ਈ. ਤੋਂ ਪਹਿਲਾਂ ਇੰਗਲੈਂਡ ਨੇ ਦੋ ਵਾਰ ਚੀਨੀ ਸਰਕਾਰ ਨਾਲ ਕੂਟਨੀਤਕ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਪਹਿਲਾ ਯਤਨ 1783 ਈ. ਵਿਚ ਤੇ ਦੂਸਰੇ ਵੀ 18ਵੀਂ ਸਦੀ ਵਿਚ ਹੀ ਕੀਤਾ ਗਿਆ ਜਦੋਂ ਲਾਰਡ ਮੈਕਾਰਟਨੇ ਅਧੀਨ ਇਕ ਬਰਤਾਨਵੀ ਮਿਸ਼ਨ ਚੀਨ ਗਿਆ। ਅੰਬੈਸਡਰ ਮੈਕਾਰਟਨੇ ਨਾਲ ਕਾਫ਼ੀ ਵੱਡਾ ਸਟਾਫ ਸੀ ਤੇ ਉਹ ਪੀਕਿੰਗ ਗਿਆ। ਉਹ ਚੀਨੀ ਸਮਰਾਟ ਸਾਹਮਣੇ ਗੋਡਿਆਂ ਭਾਰ ਝੁਕਿਆ ਪਰੰਤੂ ਉਸ ਨੇ Kow-tow ਦੀ ਰਸਮ ਪੂਰੀ ਨਹੀਂ ਕੀਤੀ। ਇਸ ਰਸਮ ਅਨੁਸਾਰ ਹਰ ਵਿਦੇਸ਼ੀ ਦੂਤ ਜਾਂ ਮਹਿਮਾਨ ਨੂੰ ਬਾਦਸ਼ਾਹ ਨਾਲ ਮੁਲਾਕਾਤ ਸਮੇਂ 9 ਵਾਰ ਡਢੋਤ ਕਰਨੀ ਪੈਂਦੀ ਸੀ। ਹਾਂ ਲਾਰਡ ਮੈਕਾਰਟਨੇ ਨੇ ਆਪਣੇ ਆਪ ਨੂੰ 'ਇੰਗਲੈਂਡ ਦੇਸ਼ ਵੱਲੋਂ ਨਜ਼ਰਾਨਾ ਲੈ ਕੇ ਆਏ ਅੰਬੈਸਡਰ' ਦੇ ਰੂਪ ਵਿਚ ਪੇਸ਼ ਕੀਤਾ। ਇਸ ਦਾ ਭਾਵ ਸੀ ਕਿ ਮਿਸ਼ਨ ਰਾਹੀਂ ਇੰਗਲੈਂਡ ਦੀ ਸਰਕਾਰ ਚੀਨੀ ਬਦਾਸ਼ਾਹ ਤੇ ਚੀਨੀ ਸਾਮਰਾਜ ਦੀ ਪ੍ਰਭੂਸਤਾ ਦਾ ਸਨਮਾਨ ਕਰਦੀ ਹੈ।

1816 ਈ. ਵਿਚ ਲਾਰਡ ਐਮਹਰਸਟ ਅਧੀਨ ਪੀਕਿੰਗ ਭੇਜੇ ਮਿਸ਼ਨ ਨੇ ਚੀਨੀ ਬਾਦਸ਼ਾਹ ਨਾਲ ਮੁਲਾਕਾਤ ਸਮੇਂ Kow-tow ਦੀ ਰਸਮ ਕਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਦੇਸ਼ ਵਿਚੋਂ ਚਲੇ ਜਾਣ ਦਾ ਹੁਕਮ ਦਿੱਤਾ ਗਿਆ। ਇਸ ਨਾਲ ਚੀਨ ਤੇ ਇੰਗਲੈਂਡ ਦੇ ਸੰਬੰਧ ਵਿਚ ਕੁੜੱਤਣ ਪੈਦਾ ਹੋ ਗਈ। ਆਖਰ ਇੰਗਲੈਂਡ ਨੇ ਸ਼ਕਤੀ ਦਾ ਸਹਾਰਾ ਲਿਆ। ਨਤੀਜਾ ਅਫੀਮ ਯੁੱਧ ਸੀ।

**ਰੁਕੋ ! ਆਪਣਾ ਗਿਆਨ ਪਰਖੋ – 02**

1. ਕਮਪਰਾਡੋਰ ਤੋਂ ਕੀ ਭਾਵ ਸੀ ?
2. ਹੋਪੋ (Hopo or Hupo) ਦੇ ਕੀ ਕਾਰਜ ਸਨ ?
3. ਕੋ-ਹਾਂਗ ਕੀ ਸੀ ?
4. Kow-tow ਦੀ ਰਸਮ ਕਿੱਥੇ ਕੀਤੀ ਜਾਂਦੀ ਸੀ ?
5. ਈਸਟ ਇੰਡੀਆ ਕੰਪਨੀ ਅਫੀਮ ਦਾ ਵਪਾਰ ਕਿਵੇਂ ਕਰਦੀ ਸੀ ?

**ਅਫੀਮ ਯੁੱਧ ਵੱਲ ਲਿਜਾਂਦੇ ਹਾਲਾਤ (Circumstances Leading to the Opium War):**

ਇੰਗਲੈਂਡ ਦੀ ਵਧਦੀ ਸ਼ਕਤੀ ਸਾਹਮਣੇ 1815 ਤੋਂ ਪਿਛੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਖੜੋ ਸਕਦੀ ਸੀ। ਚੀਨੀ ਸਰਕਾਰ ਵੱਲੋਂ ਵਪਾਰ ਉੱਪਰ ਲੱਗੀਆਂ ਰੋਕਾਂ ਨੂੰ ਤੋੜਨਾ ਇੰਗਲੈਂਡ ਆਪਣਾ ਹੱਕ ਤੇ ਫਰਜ ਦੋਵੇਂ ਹੀ ਸਮਝਦਾ ਸੀ। ਹੱਕ ਇਸ ਲਈ ਕਿ ਉਸ ਕੋਲ ਸ਼ਕਤੀ ਸੀ ਜਿਸ ਆਸਰੇ ਉਹ ਦੁਨੀਆਂ ਦੇ ਕਿਸੇ ਵੀ ਦੇਸ਼ ਨੂੰ ਜਿੱਤ ਸਕਦਾ ਸੀ। ਫਰਜ ਇਸ ਕਰਕੇ ਕਿ ਖੁਲ੍ਹੇ ਵਪਾਰ (Free trade) ਦੀ ਫਿਲਾਸਫੀ ਉਸ ਨੂੰ ਵਪਾਰ ਤੇ ਲੱਗੀ ਹਰ ਰੋਕ-ਟੋਕ ਖਤਮ ਕਰਨ ਦਾ ਮੌਲਿਕ ਅਧਿਕਾਰ ਦਿੰਦੀ ਸੀ।

**ਕੈਨਟਨ ਵਿਚ ਯੂਰਪੀਨ ਵਪਾਰੀਆਂ ਦੀਆਂ ਪ੍ਰੇਸ਼ਾਨੀਆਂ :**

ਕੈਨਟਨ ਸ਼ਹਿਰ ਵਿਚ ਯੂਰਪੀਨ/ਅੰਗਰੇਜ਼ ਵਪਾਰੀਆਂ ਲਈ ਹਾਲਤਾਂ ਬੇਇਜਤੀ ਵਾਲੀਆਂ ਸਨ। 1830 ਈ. ਤੱਕ ਚੀਨੀ ਸਰਕਾਰ ਨੇ ਯੂਰਪੀਨ ਫੈਕਟਰੀਆਂ ਵਿਚ ਔਰਤਾਂ ਦੇ ਰੋਜਗਾਰ ਨੂੰ ਬੰਦ ਕੀਤਾ ਹੋਇਆ ਸੀ। ਵਿਦੇਸ਼ੀ ਚੀਨੀਆਂ ਨੂੰ ਨੌਕਰ ਨਹੀਂ ਰੱਖ ਸਕਦੇ ਸਨ। ਨਾ ਹੀ ਉਹ ਮਨੁੱਖ ਦੁਆਰਾ ਖਿਚੀਆਂ ਜਾਂਦੀਆਂ ਬੱਘੀਆਂ (Sedan Chairs) ਵਿਚ ਬੈਠ ਕੇ ਆ ਜਾ ਸਕਦੇ ਸਨ। ਉਨ੍ਹਾਂ ਨੂੰ ਪੈਦਲ ਚਲਣ ਦਾ ਹੁਕਮ ਸੀ। ਵਿਦੇਸ਼ੀ ਚੀਨੀ ਸਰਕਾਰ ਨੂੰ ਕੇਵਲ ਅਰਜ ਕਰ ਸਕਦੇ ਸਨ ਤੇ ਉਹ ਵੀ ਆਪਣੇ ਜਾਮਨ ਜਾਂ guarantor ਰਾਹੀਂ।

ਇਹ ਸਾਰੀ ਜਲਾਲਤ ਵਿਦੇਸ਼ੀ ਵਪਾਰੀ ਇਸ ਕਰਕੇ ਝੱਲਦੇ ਸਨ ਕਿਉਂਕਿ ਚੀਨੀ ਵਪਾਰ ਬਹੁਤ ਲਾਭਦਾਇਕ ਸੀ। 1833 ਈ. ਤੱਕ ਇਹ ਸਭ ਚਲਦਾ ਰਿਹਾ ਪਰੰਤੂ ਇਸ ਸਾਲ ਈਸਟ ਇੰਡੀਆ ਕੰਪਨੀ ਦੀ ਚੀਨੀ ਵਪਾਰ ਉੱਪਰ ਮਨੋਪਲੀ ਖਤਮ ਕਰ ਦਿੱਤੀ ਗਈ। ਫਲਸਰੂਪ ਅਨੇਕਾਂ ਅੰਗਰੇਜ਼ ਤੇ ਯੂਰਪੀਨ ਵਪਾਰੀ ਦੱਖਣੀ ਚੀਨ ਵਿਚ ਅ ਉਤਰੇ। ਇਨ੍ਹਾਂ ਵਿਚੋਂ ਕਈ adventurer ਸਨ ਜਿਨਾਂ ਨੂੰ ਨਸਲ ਤੇ ਅਮੀਰੀ ਦਾ ਘੁਮੰਡ ਸੀ। ਉਹ ਲੜਨ ਲਈ ਤਾਂਘਦੇ ਸਨ।

## ਵਪਾਰ ਜਾਂ ਸਮਗਲਿੰਗ :

1773 ਵਿਚ ਲਾਰਡ ਵਾਰਨ ਹੇਸਟਿੰਗ ਨੇ ਅਫੀਮ ਦੀ ਵਿਕਰੀ ਕੰਪਨੀ ਦੀ ਮਨੋਪਲੀ ਥੱਲੇ ਲਿਆਉਣ ਦੀ ਘੋਸ਼ਨਾ ਕੀਤੀ। 1797 ਈ. ਨੂੰ ਅਫੀਮ ਦੀ ਪੈਦਾਵਾਰ ਵੀ ਬਰਤਾਨਵੀ ਮਨੋਪਲੀ ਥੱਲੇ ਲੈ ਆਂਦੀ। ਬਿਹਾਰ, ਬਨਾਰਸ ਅਤੇ ਮੱਧ ਪ੍ਰਦੇਸ਼, ਰਾਜਸਥਾਨ ਵਿਚ ਅਫੀਮ ਦੀ ਖੇਤੀ ਦੀ ਖੁੱਲ੍ਹ ਦਿੱਤੀ ਗਈ। ਪਹਿਲਾਂ ਕਲਕੱਤਾ ਫਿਰ ਬੰਬਈ ਅਫੀਮ ਦੀਆਂ ਵੱਡੀਆਂ ਮੰਡੀਆਂ ਬਣੀਆਂ। ਇਨ੍ਹਾਂ ਸ਼ਹਿਰਾਂ ਵਿਚ ਕੰਪਨੀ ਅਫੀਮ ਦੀ ਖੁੱਲ੍ਹੀ ਬੋਲੀ ਰਾਹੀਂ ਚੀਨ ਭੇਜਣ ਵਾਲਾ ਮਾਲ ਨਿਲਾਮ ਕਰਦੀ ਸੀ।

1800 ਤੋਂ ਪਿਛੋਂ ਚੀਨੀ ਸਰਕਾਰ ਅਤੇ ਇੰਗਲੈਂਡ ਦੀ ਸਰਕਾਰ ਨੇ ਅਫੀਮ ਦੇ ਵਪਾਰ ਦੀ ਮਨਾਹੀ ਕੀਤੀ ਹੋਈ ਸੀ, ਇਸ ਕਰਕੇ ਕੰਪਨੀ ਆਪ ਅਫੀਮ ਦਾ ਵਪਾਰ ਨਹੀਂ ਕਰਦੀ ਸੀ ਪਰੰਤੂ ਇਹ ਅਫੀਮ ਨੂੰ ਗੈਰ-ਕਨੂੰਨੀ ਢੰਗਾਂ ਨਾਲ ਚੀਨ ਪਹੁੰਚਣ ਵਿਚ ਸਹਾਈ ਹੁੰਦੀ ਸੀ। ਅਸਲ ਵਿਚ ਕਲਕੱਤੇ ਜਾਂ ਬੰਬਈ ਵਿਚ ਨਿਲਾਮ ਹੋਈ ਅਫੀਮ ਤੋਂ ਵੱਡਾ ਮੁਨਾਫਾ ਕੰਪਨੀ ਦੀ ਸਰਕਾਰ ਕਮਾ ਲੈਂਦੀ ਸੀ। ਫਿਰ ਇਹ ਅਫੀਮ ਕੰਪਨੀ ਦੇ ਜਹਾਜਾਂ ਰਾਹੀਂ ਨਹੀਂ ਸਗੋਂ ਕੰਪਨੀ ਸਰਕਾਰ ਵੱਲੋਂ ਅਧਿਕਾਰਤ 'country ships' ਰਾਹੀਂ ਚੀਨ ਜਾਂਦੀ ਸੀ। ਕੰਟਰੀ ਸ਼ਿਪਸ ਦੇ ਮਾਲਕ ਵਪਾਰੀ ਯੂਰਪੀ ਵੀ ਸਨ ਤੇ ਭਾਰਤੀ ਵੀ। ਇਹ ਵਪਾਰੀ ਤੇ ਜਹਾਜ ਚੀਨੀ ਕੋਹਾਂਗ ਦੇ ਵਪਾਰੀਆਂ ਨੂੰ ਰਿਸ਼ਵਤ ਜਾਂ ਹੋਰ ਤਰੀਕਿਆਂ ਨਾਲ ਵਰਤ ਕੇ ਅਫੀਮ ਨੂੰ ਚੀਨ ਦੇ ਅੰਦਰੂਨੀ ਹਿੱਸਿਆਂ ਤੱਕ ਲੈ ਜਾਂਦੇ ਸਨ। ਇਸ ਤਰ੍ਹਾਂ ਭਾਰਤੀ ਅਫੀਮ ਯੂਰਪੀਨ ਵਪਾਰ ਦਾ ਰੂਪ ਧਾਰ ਲੈਂਦੀ ਸੀ। ਜਿਥੇ 1818 ਵਿਚ ਅਫੀਮ ਦਾ ਵਪਾਰ ਇੰਗਲੈਂਡ ਤੋਂ ਚੀਨ ਜਾਣ ਵਾਲੀਆਂ ਸਭ ਵਸਤੂਆਂ ਦਾ 17% ਹਿੱਸਾ ਸੀ ਉਥੇ ਇਹ 1833 ਵਿਚ ਵਧ ਕੇ 50% ਹੋ ਗਿਆ।

## ਕੈਨਟਨ ਦੀ ਥਾਂ ਲਿੰਟਨ (Lintin) :

ਹੌਲੀ ਹੌਲੀ ਅਫੀਮ ਵਿਚ ਲੱਗੇ ਵਪਾਰੀਆਂ ਨੇ ਕੈਨਟਨ ਸ਼ਹਿਰ ਦੀ ਥਾਂ ਜਿਥੇ ਚੀਨ ਸਰਕਾਰ ਨੇ ਹੋਪੋ ਤੇ ਕੋਹਾਂਗ ਰਾਹੀਂ ਵਪਾਰ ਤੇ ਕੰਟਰੋਲ ਰੱਖਿਆ ਸੀ - ਲਿੰਟਨ ਟਾਪੂ ਨੂੰ ਨਵੇਂ ਵਪਾਰਕ ਅੱਡੇ ਦੇ ਰੂਪ ਵਿਚ ਵਰਤਣਾ ਸ਼ੁਰੂ ਕਰ ਦਿੱਤਾ। 1831 ਤੱਕ ਲਿੰਟਨ ਬਦੇਸ਼ੀ ਵਪਾਰ ਦਾ ਕੈਨਟਨ ਤੋਂ ਵੱਡਾ ਪਰ ਗੈਰ-ਕਨੂੰਨੀ ਕੇਂਦਰ ਬਣ ਗਿਆ। ਇਸ ਸਾਲ ਜਿਥੇ ਕੈਨਟਨ ਰਾਹੀਂ 70 ਲੱਖ ਡਾਲਰ ਦਾ ਵਪਾਰ ਹੋਇਆ ਉਥੇ ਲਿੰਟਨ ਰਾਹੀਂ 1,70,00,000 ਡਾਲਰ ਦਾ ਜਿਸ ਵਿਚੋਂ ਇਕ ਕਰੋੜ ਦਸ ਲੱਖ ਡਾਲਰ ਅਫੀਮ ਦਾ ਵਪਾਰ ਜਾਂ ਸਮਗਲਿੰਗ ਸੀ।

ਲਿੰਟਨ ਟਾਪੂ ਤੇ ਉਤਾਰੀ ਗਈ ਅਫੀਮ ਪ੍ਰਾਈਵੇਟ ਵਪਾਰੀਆਂ ਦੇ ਜਹਾਜਾਂ ਰਾਹੀਂ ਪੂਰਬੀ ਤੱਟ ਦੀਆਂ ਬੰਦਰਗਾਹਾਂ ਤੇ ਖੁਫ਼ੀਆ ਰਸਤਿਆਂ ਦੁਆਰਾ ਚੀਨ ਦੇ ਅੰਦਰ ਜਾਂਦੀ ਸੀ। ਇਹ ਜਹਾਜ ਅਕਸਰ ਹਥਿਆਰਬੰਦ ਹੁੰਦੇ ਸਨ ਤੇ ਚੀਨੀ ਕਾਇਦੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਸਨ। ਇਸ ਤਰ੍ਹਾਂ ਵਪਾਰੀਆਂ ਤੇ ਸਮੁੰਦਰੀ ਲੁਟੇਰਿਆਂ ਵਿਚ ਫਰਕ ਨਹੀਂ ਸੀ।

## ਚੀਨ ਵੱਲੋਂ ਚੁੱਕੇ ਗਏ ਸੁਰੱਖਿਆ ਕਦਮ :

ਚੀਨ ਦੀ ਕੇਂਦਰੀ ਜਾਂ ਇੰਮਪੀਰੀਅਲ ਸਰਕਾਰ ਚੀਨੀ ਜਨਤਾ ਤੇ ਪੈ ਰਹੇ ਅਫੀਮ ਦੇ ਮਾਰੂ ਨਤੀਜਿਆਂ ਤੋਂ ਜਾਣੂ ਸੀ। ਅਫੀਮ ਦੇ ਟਰੈਫਿਕ ਨੂੰ ਰੋਕਣ ਲਈ 1838 ਵਿਚ ਸਮਰਾਟ ਨੇ ਲਿਨ-ਸੇ-ਹਸ਼ੂ (Lin-Tse-hsu) ਨਾਮੀ

ਅਧਿਕਾਰੀ ਨੂੰ ਨਿਯੁਕਤ ਕੀਤਾ। ਲਿੰਨ Hu Kwang ਰਾਜ ਦਾ ਵਾਇਸਰਾਏ ਸੀ ਤੇ ਉਸ ਦੀ ਨਵੀਂ ਨਿਯੁਕਤੀ ਅਨੁਸਾਰ ਉਹ ਨਾ ਸਿਰਫ Imperial Commissioner ਸੀ ਸਗੋਂ ਨੇਵੀ ਦਾ ਮੁਖੀ ਵੀ ਸੀ। ਉਸ ਨੇ 10 ਮਾਰਚ, 1839 ਨੂੰ ਆਪਣਾ ਨਵਾਂ ਅਹੁਦਾ ਸੰਭਾਲਿਆ। ਉਸ ਨੇ ਵਪਾਰੀਆਂ ਤੋਂ ਚੀਨ ਵਿਚ ਲਿਆਂਦੀ ਗੈਰ-ਕਨੂੰਨੀ ਅਫੀਮ ਮੰਗੀ। 20,000 ਚੈਸਟ (chests) ਅਫੀਮ ਫੜੀ ਗਈ ਤੇ ਪਬਲਿਕ ਦੇ ਸਾਹਮਣੇ ਇਸ ਨੂੰ ਬਰਬਾਦ ਕੀਤਾ ਗਿਆ। ਦੂਸਰੇ ਕਦਮ ਵਜੋਂ ਲਿਨ ਨੇ ਵਪਾਰੀਆਂ ਤੋਂ ਬਾਂਡ ਭਰਵਾਏ ਤੇ ਵਚਨ ਲਿਆ ਕਿ ਉਹ ਇਸ 'ਜ਼ਹਿਰ' ਨੂੰ ਨਹੀਂ ਵੇਚਣਗੇ।

ਬਰਤਾਨਵੀ ਵਪਾਰੀਆਂ ਨੇ ਲਿਨ ਦੇ ਸੁਧਾਰਾਂ ਨੂੰ ਦਿਲੋਂ ਨਾ ਮੰਨਿਆ। ਜਾਰਡਾਈਨ (Jardine) ਅਤੇ ਮੈਥਸਨ (Matheson) ਨਾਮੀ ਵੱਡੀਆਂ ਫਰਮਾਂ ਨੇ ਅਫੀਮ ਦੀ ਸਮਗਲਿੰਗ ਜਾਰੀ ਰੱਖਣ ਦਾ ਫੈਸਲਾ ਕੀਤਾ। ਇਹ ਫਰਮਾਂ ਮਨੀਲਾ ਤੋਂ ਲੜਾਕੂ ਸਮੁੰਦਰੀ ਜਹਾਜਾਂ ਰਾਹੀਂ ਕਾਰੋਬਾਰ ਕਰਦੀਆਂ ਸਨ। ਕੁਝ ਅੰਗਰੇਜ਼ ਵਪਾਰੀਆਂ ਨੇ ਅਮਰੀਕਨ ਜਹਾਜਾਂ ਰਾਹੀਂ ਵਪਾਰ ਜਾਰੀ ਰੱਖਿਆ।

## ਇਕ ਚੀਨੀ ਦਾ ਕਤਲ :

ਲਿਨ ਦੁਆਰਾ ਚੁੱਕੇ ਗਏ ਸਖਤ ਕਦਮਾਂ ਤੋਂ ਕੁਝ ਹਫ਼ਤੇ ਪਿੱਛੋਂ ਹੀ ਕੁਝ ਸ਼ਰਾਬੀ ਅੰਗਰੇਜ਼ਾਂ ਨੇ ਚੀਨ ਦੀ ਮੁੱਖ ਭੂਮੀ ਉੱਪਰ ਇਕ ਚੀਨੀ ਦਾ ਕਤਲ ਕਰ ਦਿੱਤਾ। ਬਰਤਾਨਵੀ ਵਪਾਰ ਦੇ ਸੁਪਰਡੈਂਟ ਜਾਰਜ ਪੀ.ਬੀ.ਪੋਬਿਨਸਨ ਨੇ ਮੁਜਰਮਾਂ ਨੂੰ ਪਨਾਹ ਦਿੱਤੀ ਤੇ ਪੇਸ਼ ਨਾ ਕੀਤਾ। ਲਿਨ ਨੇ ਇਸ ਨੂੰ ਚੀਨੀ ਬਾਦਸ਼ਾਹ ਦੀ ਪ੍ਰਭੂਸਤਾ ਲਈ ਵੰਗਾਰ ਮੰਨ ਕੇ ਅੰਗਰੇਜ਼ੀ ਜਹਾਜਾਂ ਨੂੰ ਹੁਕਮ ਦਿੱਤਾ ਕਿ ਉਹ ਜਾਂ ਤਾਂ ਦਰਿਆ ਵਿਚ ਠਿਲ੍ਹ ਜਾਣ ਨਹੀਂ ਤਾਂ ਤਿੰਨ ਦਿਨਾਂ ਵਿਚ ਵਾਪਸ ਚਲੇ ਜਾਣ। ਲਿਨ ਨੇ ਆਪਣੀ ਨੇਵੀ ਨੂੰ ਅਗਲੇਰੀ ਕਾਰਵਾਈ ਕਰਨ ਲਈ ਤਿਆਰੀ ਦੇ ਵੀ ਹੁਕਮ ਦਿੱਤੇ।

## ਲਿਨ ਵੱਲੋਂ ਸੂਰਤ-ਏ-ਹਾਲ ਦਾ ਗਲਤ ਅਨੁਮਾਨ (Lin's mis-calculation) :

ਲਿਨ ਬਹੁਤ ਇਮਾਨਦਾਰ ਚੀਨੀ ਅਫ਼ਸਰ ਸੀ। ਉਹ ਕਨੂੰਨੀ ਤੌਰ ਤੇ ਬਿਲਕੁਲ ਠੀਕ ਸੀ ਪਰੰਤੂ ਉਹ ਹਾਲਾਤ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ। ਲਿਨ ਦਾ ਵਿਸ਼ਵਾਸ ਸੀ ਕਿ ਅਫੀਮ ਵਰਗੇ ਜ਼ਹਿਰ ਦੇ ਕਾਰੋਬਾਰ ਲਈ ਬਰਤਾਨਵੀ ਸਰਕਾਰ ਜਿੰਮੇਵਾਰ ਨਹੀਂ ਸੀ ਕਿਉਂਕਿ ਕੋਈ ਸਭਿਅਕ ਸਰਕਾਰ ਨਸ਼ਿਆਂ ਦਾ ਪਸਾਰ ਖੁੱਲ੍ਹੇ ਰੂਪ ਵਿਚ ਨਹੀਂ ਕਰਦੀ। ਲਿਨ ਅਨੁਸਾਰ ਅਫੀਮ ਦੀ ਸਮਗਲਿੰਗ ਮੁੱਠੀ ਭਰ ਪ੍ਰਾਈਵੇਟ ਵਪਾਰੀ ਕਰਦੇ ਸਨ ਅਤੇ ਇਨ੍ਹਾਂ ਵਿਰੁੱਧ ਕੀਤੀ ਗਈ ਕਿਸੇ ਵੀ ਸਖਤ ਕਾਰਵਾਈ ਨੂੰ ਬਰਤਾਨਵੀ ਫੌਜੀ ਸ਼ਕਤੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਲਿਨ ਨੇ ਤੀਸਰੀ ਗਲਤੀ ਉਸ ਵੇਲੇ ਕੀਤੀ ਜਦੋਂ ਉਸ ਨੇ ਬਰਤਾਨਵੀ ਨੇਵੀ ਦੀ ਸ਼ਕਤੀ ਨੂੰ ਘਟਾ ਕੇ ਵੇਖਿਆ।

ਲਿਨ ਦੇ ਅਨੁਮਾਨ ਤੋਂ ਉਲਟ ਬਰਤਾਨਵੀਆਂ ਨੇ ਆਪਣੀ ਨੇਵੀ ਦਾ ਫੌਰਨ ਇਸਤੇਮਾਨ ਕਰਦੇ ਹੋਏ ਚੀਨੀ ਜਹਾਜਾਂ ਤੇ ਅੱਗ ਬਰਸਾਉਣੀ ਸ਼ੁਰੂ ਕਰ ਦਿੱਤੀ। ਮੁੱਢਲੇ ਮੁਕਾਬਲੇ ਨਵੰਬਰ 1839 ਵਿਚ ਹੋਏ ਅਤੇ ਇਹ ਅਫੀਮ ਯੁੱਧ ਦੀ ਸ਼ੁਰੂਆਤ ਸੀ।

## ਅਫੀਮ ਦੇ ਵਪਾਰ ਸੰਬੰਧੀ ਚੀਨੀ ਤੇ ਬਰਤਾਨਵੀ ਸਮਝ ਵਿਚ ਅੰਤਰ :

ਚੀਨੀ ਸਰਕਾਰ ਦੀ ਨਜ਼ਰ ਵਿਚ ਅਫੀਮ ਹੀ ਮੁੱਖ ਮੁੱਦਾ ਸੀ ਜਿਸ ਕਰਕੇ ਉਸ ਦੇ ਇੰਗਲੈਂਡ ਨਾਲ ਸੰਬੰਧ ਵਿਗੜ ਰਹੇ ਸਨ। ਚੀਨ ਸਮਝਦਾ ਸੀ ਕਿ ਅੰਗਰੇਜ਼ ਵਪਾਰੀ ਜਬਰਦਸਤੀ ਉਸ ਦੇ ਲੋਕਾਂ ਨੂੰ ਅਫੀਮ ਦੀ ਆਦਤ ਪਾ ਕੇ ਨਸ਼ਟ ਕਰ ਰਹੇ ਸਨ। ਇੰਗਲੈਂਡ ਦੀ ਸੋਚ ਵੱਖਰੀ ਸੀ। ਅੰਗਰੇਜ਼ਾਂ ਨੇ ਇਸ ਨੂੰ ਖੁੱਲ੍ਹੇ ਵਪਾਰ ਦੇ ਫਲਸਫੇ ਅਤੇ ਆਪਣੀ ਰਾਸ਼ਟਰੀ ਜਾਂ ਸਾਮਰਾਜੀ ਸ਼ਕਤੀ ਨਾਲ ਜੋੜ ਕੇ ਵੇਖਿਆ ਸੀ। ਬਰਤਾਨਵੀ ਮਹਿਸੂਸ ਕਰਦੇ ਸਨ ਕਿ ਚੀਨ ਅਨੇਕਾਂ ਤਰੀਕਿਆਂ ਨਾਲ ਖੁੱਲ੍ਹੇ ਵਪਾਰ ਦੇ ਸਿਧਾਂਤ ਦਾ ਪਾਲਣ ਨਹੀਂ ਕਰਦਾ ਸੀ। ਪਹਿਲਾਂ ਤਾਂ ਚੀਨ ਨੇ ਬਾਹਰੀ ਵਪਾਰ ਨੂੰ ਕੈਨਟਨ ਬੰਦਰਗਾਹ ਤੱਕ ਸੀਮਤ ਕੀਤਾ। ਉਥੇ ਵੀ ਵਪਾਰੀਆਂ ਨੂੰ ਜਲਾਲਤ ਦਾ ਸਾਹਮਣਾ ਕਰਨਾ ਪੈਂਦਾ ਸੀ ਕਿਉਂਕਿ ਉਹ ਉਥੇ ਵੱਸ ਨਹੀਂ ਸਕਦੇ ਸਨ। ਦੂਸਰਾ ਵਿਦੇਸ਼ੀ ਵਪਾਰੀ ਕੇਵਲ ਕੋਹਾਂਗ ਰਾਹੀਂ ਹੀ ਵਪਾਰ ਕਰ ਸਕਦੇ ਸਨ ਇਹ ਵੀ ਖੁੱਲ੍ਹੇ ਵਪਾਰ ਦੇ ਸਿਧਾਂਤ ਅਨੁਸਾਰ ਨਹੀਂ ਸੀ। ਤੀਸਰਾ ਵਿਦੇਸ਼ੀ ਵਪਾਰੀਆਂ ਵਿਚ ਵੱਡੀ ਗਿਣਤੀ ਅੰਗਰੇਜ਼ਾਂ ਦੀ ਸੀ। ਅੰਗਰੇਜ਼ੀ ਵਪਾਰੀਆਂ ਨੇ ਕੋਹਾਂਗ ਤੋਂ ਬਾਹਰ ਅਨੇਕਾਂ ਚੀਨੀ ਵਪਾਰੀਆਂ ਨੂੰ ਨਕਦ ਐਡਵਾਂਸ ਰਕਮਾਂ ਦਿੱਤੀਆਂ ਸਨ ਤਾਂ ਕਿ ਉਹ ਅਫੀਮ ਤੇ ਹੋਰ ਵਸਤਾਂ ਅੰਦਰ-ਬਾਹਰ ਲਿਆ ਸਕਣ। ਅਫੀਮ ਦਾ ਵਪਾਰ ਬੰਦ ਕਰਨ ਦੀ ਸੂਰਤ ਵਿਚ ਇਹ ਕਰਜ਼ੇ ਡੁੱਬਦੇ ਸਨ। ਇਸ ਤਰ੍ਹਾਂ ਇੰਗਲੈਂਡ ਨੇ ਅਫੀਮ ਦੇ ਪ੍ਰਸ਼ਨ ਨੂੰ ਵੱਡਾ ਆਰਥਿਕ ਮੁੱਦਾ ਤੇ ਅੰਤਰਰਾਸ਼ਟਰੀ ਰਾਜਨੀਤੀ ਦਾ ਵਿਸ਼ਾ ਬਣਾ ਲਿਆ।

## ਇੰਗਲੈਂਡ ਦਾ ਆਕਰਮਕ ਰੁਖ :

ਇੰਗਲੈਂਡ ਵੱਲੋਂ 1833 ਈ. ਵਿਚ ਚੀਨੀ ਵਪਾਰ ਉਪਰ ਕੰਪਨੀ ਦੀ ਮਨੋਪਲੀ ਖਤਮ ਕਰਨ ਦਾ ਭਾਵ ਸੀ ਕਿ ਉਹ ਸਿਰਫ਼ ਅਫੀਮ ਜਾਂ ਚਾਹ ਵਿਚ ਹੀ ਦਿਲਚਸਪੀ ਨਹੀਂ ਸੀ ਰੱਖਦਾ ਸਗੋਂ ਉਸ ਨੂੰ ਚੀਨੀ ਮੰਡੀ ਤੇ ਕੱਚੇ ਮਾਲ ਦੀ ਸਖ਼ਤ ਜ਼ਰੂਰਤ ਸੀ। ਇਸ ਦਾ ਇਕ ਹੋਰ ਅਰਥ ਸੀ ਕਿ 1833 ਤੋਂ ਪਿਛੋਂ ਕੰਪਨੀ ਦੀ ਥਾਂ ਇੰਗਲੈਂਡ ਦੀ ਸਰਕਾਰ ਨੇ ਚੀਨ ਵਿਚ ਆਪਣੇ ਵਪਾਰੀਆਂ ਦੀ ਰਾਖੀ ਕਰਨੀ ਸੀ। ਇਸ ਉਦੇਸ਼ ਨਾਲ ਲਾਰਡ ਨੈਪੀਅਰ ਨੂੰ ਬਰਤਾਨਵੀ ਸਰਕਾਰ ਨੇ ਆਪਣੇ ਟਰੇਡ ਸੁਪਰਡੈਂਟ ਵਜੋਂ ਨਿਯੁਕਤ ਕੀਤਾ ਸੀ। ਨੇਪੀਅਰ ਵੱਡੇ ਸਟਾਫ਼ ਸਮੇਤ ਜੁਲਾਈ 1834 ਨੂੰ ਮਕਾਓ ਪਹੁੰਚਿਆ।

ਨੇਪੀਅਰ ਦਾ ਵਿਹਾਰ ਅਜੀਬ ਸੀ। ਉਹ ਆਪਣੇ ਆਪ ਨੂੰ ਅੰਬੈਸਡਰ ਜਾਂ ਟਰੇਡ ਸੁਪਰਡੈਂਟ ਨਹੀਂ ਸਗੋਂ ਚੀਨ ਨਾਲ ਬਰਤਾਨਵੀ ਰਾਜਨੀਤਕ ਸੰਬੰਧ ਸਥਾਪਤ ਕਰਨ ਹਿਤ ਆਇਆ ਖ਼ਾਸ ਵਜੀਰ (Plenipotent) ਸਮਝਦਾ ਸੀ। ਜਾਂਦਿਆਂ ਸੀ ਉਸ ਨੇ ਮੰਗ ਕੀਤੀ ਕਿ ਉਹ ਵਾਇਸਰਾਏ ਨਾਲ ਸਿੱਧੀ ਗੱਲ ਕਰੇਗਾ। ਇਹ ਹੋਪੋ ਤੇ ਕੋਹਾਗ ਦੋਵਾਂ ਲਈ ਚੁਣੌਤੀ ਸੀ। ਚੀਨੀ ਵਾਇਸਰਾਏ ਵੀ ਇਸ ਨੂੰ ਆਪਣੀ ਹੇਠੀ ਸਮਝਦਾ ਸੀ, ਕਿਉਂਕਿ ਨੇਪੀਅਰ ਜਬਰਦਸਤੀ ਕੈਨਟਨ ਵਿਚ ਘੁਸ ਆਇਆ। ਵਾਇਸਰਾਏ ਦੇ ਹੁਕਮ ਅਨੁਸਾਰ ਚੀਨੀਆਂ ਨੇ ਅੰਗਰੇਜ ਵਪਾਰੀਆਂ ਨੂੰ ਵਸਤਾਂ ਹੀ ਨਹੀਂ ਸਗੋਂ ਖਾਣ-ਪੀਣ ਦੀਆਂ ਚੀਜ਼ਾਂ ਵੀ ਬੰਦ ਕਰ ਦਿੱਤੀਆਂ। ਇਸ ਤਰ੍ਹਾਂ ਤੰਗ ਆਏ ਕੈਨਟਨ ਦੇ ਵਪਾਰੀ ਵੀ ਨੇਪੀਅਰ ਵਿਰੁੱਧ ਹੋ ਗਏ। ਮਜਬੂਰ ਹੋ ਕੇ ਇਸ ਅੰਗਰੇਜ਼ ਅਧਿਕਾਰੀ ਨੂੰ ਵਾਪਸ ਮਕਾਓ ਆਉਣਾ ਪਿਆ। ਨੇਪੀਅਰ ਇਸ ਬੇਇਜ਼ਤੀ ਨੂੰ ਨਾ ਸਹਾਰ ਸਕਿਆ ਤੇ ਉਹ ਮਕਾਓ ਵਿਚ ਹੀ ਮਰ ਗਿਆ। ਚੀਨੀਆਂ ਨੇ ਇਸ ਨੂੰ ਆਪਣੀ ਜਿੱਤ ਵਜੋਂ ਲਿਆ ਤੇ ਉਹ ਆਪਣੇ ਇਸ

ਵਿਸ਼ਵਾਸ ਵਿਚ ਪੱਕੇ ਹੋ ਗਏ ਕਿ ਉਹ ਵਿਦੇਸ਼ੀਆਂ ਦੇ ਆਰਥਿਕ ਹਮਲਿਆਂ ਤੇ ਫੌਜੀ ਵਧੀਕੀਆਂ ਨੂੰ ਰੋਕ ਸਕਦੇ ਸਨ।

ਨੇਪੀਅਰ ਦੇ ਆਕਰਮਕ ਰੁਖ ਕਾਰਨ ਹੀ ਲਿਨ ਦੀ ਨਿਯੁਕਤੀ ਹੋਈ। ਇਸ ਦਾ ਜਿਕਰ ਅਸੀਂ ਉੱਪਰ ਕਰ ਚੁੱਕੇ ਹਾਂ।

## ਆਪਣਾ ਗਿਆਨ ਪਰਖੋ – 03

1. ਅਫੀਮ ਦੇ ਵਪਾਰ ਵਿਚ ਲੱਗੀਆਂ ਦੋ ਵੱਡੀਆਂ ਫਰਮਾਂ ਦੇ ਨਾਮ ਸਨ : (1) ------------- (2) --------------------
2. 1839 ਵਿਚ ਕੈਨਟਨ ਦਾ ਚੀਨੀ ਵਾਇਸਰਾਏ .............................. ਸੀ।
3. ....................................... ਨਾਮ ਦਾ ਟਰੇਡ ਸੁਪਰਡੈਂਟ ਮਕਾਓ ਵਿਖੇ ਨਾਮੋਸੀ ਕਾਰਨ ਮਰ ਗਿਆ।
4. ਹੌਲੀ ਹੌਲੀ ਕੈਨਟਨ ਦੀ ਥਾਂ ........................................ ਟਾਪੂ ਵਪਾਰਕ ਅੱਡਾ ਬਣ ਗਿਆ।

## ਯੁੱਧ ਦੀਆਂ ਪ੍ਰਮੁੱਖ ਘਟਨਾਵਾਂ :

ਕੈਨਟਨ ਲਈ ਲੜਨ ਦਾ ਫੈਸਲਾ ਇੰਗਲੈਂਡ ਨੇ ਅਪ੍ਰੈਲ 1840 ਈ. ਨੂੰ ਕੀਤਾ। ਜੂਨ ਵਿਚ ਅੰਗਰੇਜ਼ੀ ਨੇਵੀ ਦਾ ਫਲੀਟ ਕੈਨਟਨ ਦਾਖਲ ਹੋਇਆ ਤੇ ਮੰਗ ਕੀਤੀ ਕਿ ਲਿਨ ਦੁਆਰਾ ਬਰਬਾਦ ਜਾਂ ਜਬਤ ਕੀਤੀ ਅਫੀਮ ਬਦਲੇ ਚੀਨ ਮੁਆਵਜਾ ਦੇਵੇ। ਬਰਤਾਨੀਆਂ ਨੇ ਕੈਨਟਨ ਦੀ ਘੇਰਾਬੰਦੀ ਕਰ ਲਈ ਅਤੇ ਜੁਲਾਈ ਵਿਚ ਤਿਗੰਹਈ (Tinghai) ਵਿਚ ਵੀ ਫੌਜ ਉਤਾਰ ਦਿੱਤੀ। ਮਹੀਨੇ ਦੇ ਅੰਤ ਤੱਕ ਉਹ ਪਾਈ ਹੋ ਦਰਿਆ (Pie Ho) ਤੱਕ ਪਹੁੰਚ ਗਏ ਜਿੱਥੇ ਉਹ ਟਾਈਂਟਸਨ (Tientsin) ਜਾ ਸਕਦੇ ਸਨ, ਪਰੰਤੂ ਕੈਨਟਨ ਵਾਪਸ ਪਰਤ ਗਏ।

## ਲਿਨ ਦੀ ਵਾਪਸੀ :

ਹਾਰੇ ਹੋਏ ਚੀਨੀਆਂ ਨੇ ਲਿਨ ਨੂੰ ਤੁਰਕਸਤਾਨ ਲਈ ਬਦਲ ਦਿੱਤਾ। ਨਵੇਂ ਵਾਇਸਰਾਏ Kishan ਨੇ ਨਵੰਬਰ 1840 ਵਿਚ ਕੈਨਟਨ ਦਾ ਚਾਰਜ ਲਿਆ। ਉਸ ਦਾ ਵਿਸ਼ਵਾਸ ਸੀ ਕਿ ਜੇ ਬਰਤਾਨਵੀਆਂ ਨੂੰ ਕੈਨਟਨ ਵਿਚ ਵਪਾਰ ਕਰਨ ਦਿੱਤਾ ਜਾਵੇ ਤਾਂ ਸ਼ਾਂਤੀ ਹੋ ਸਕਦੀ ਸੀ। ਉਸ ਦੀ ਇਸ ਯੋਜਨਾ ਤੇ ਬਰਤਾਨਵੀਆਂ ਨੇ ਪਾਣੀ ਫੇਰ ਦਿੱਤਾ ਜਦੋਂ ਉਨ੍ਹਾਂ ਨੇ ਹਾਂਗ ਕਾਂਗ ਨੂੰ ਵੱਖ ਕਰਨ ਤੇ ਅਨੇਕਾਂ ਹੋਰ ਬੰਦਰਗਾਹਾਂ ਖੋਲ੍ਹਣ ਦੀ ਮੰਗ ਰੱਖ ਦਿੱਤੀ। ਆਪਣੀਆਂ ਮੰਗਾਂ ਦੀ ਪੂਰਤੀ ਲਈ ਅੰਗਰੇਜ਼ੀ ਫੌਜ ਨੇ ਕੈਨਟਨ ਤੇ ਬੰਬ ਬਰਸਾਏ। ਚੀਨੀ ਵਾਇਸਰਾਏ ਨੇ 25 ਜਨਵਰੀ, 1841 ਨੂੰ ਬਰਤਾਨਵੀ ਮੰਗਾਂ ਮੰਨ ਲਈਆਂ। ਚੀਨ ਦੇ ਬਾਦਸ਼ਾਹ ਨੇ ਨਰਾਜ ਹੋ ਕੇ ਉਸ ਨੂੰ ਕੈਦ ਕਰ ਦਿੱਤਾ। ਪਰੰਤੂ ਨਵਾਂ ਵਾਇਸਰਾਏ Yishan ਵੀ ਕੁੱਝ ਨਾ ਕਰ ਸਕਿਆ ਸਗੋਂ ਉਸ ਨੂੰ ਵੀ ਮਈ 27, 1841 ਨੂੰ ਇਕ ਸੰਧੀ ਕਰਨੀ ਪਈ ਜਿਸ ਅਨੁਸਾਰ 60,00,000 ਅਮਰੀਕਨ ਡਾਲਰ ਦੇ ਬਰਾਬਰ ਧਨ ਰਾਸ਼ੀ ਚੀਨ ਨੂੰ ਦੇਣੀ ਪਈ।

## ਹੈਨਰੀ ਪੋਟਿੰਜਰ ਦੀ ਨਿਯੁਕਤੀ :

ਅਗਸਤ 1841 ਈ. ਨੂੰ ਇੰਗਲੈਂਡ ਨੇ Sir Henery Pottinger ਨੂੰ ਚੀਨ ਵਿਚ ਆਪਣਾ ਖਾਸ ਦੂਤ ਜਾਂ ਵਜੀਰ ਨਿਯੁਕਤ ਕੀਤਾ। ਬਰਤਾਨਵੀਆਂ ਨੇ ਉਮੋਏ (Amoy) ਨਿਨਗਪੋ (Ningpo) ਤਿੰਗਾਹੀ (Tinghai) ਤਿੰਨ ਬੰਦਰਗਾਹਾਂ ਤੇ ਹਮਲੇ ਕਰਕੇ ਯੰਗਜੀ ਦਰਿਆ ਵਿਚ ਦਾਖਲ ਹੋ ਗਏ। ਇਹ 1842 ਈ. ਦੀ ਗਰਮੀਆਂ ਦੀ ਰੁੱਤ ਵਿਚ ਵਾਪਰਿਆ। ਜੂਨ ਵਿਚ ਉਨ੍ਹਾਂ ਨੇ ਸਿੰਘਾਈ ਤੇ ਕਬਜ਼ਾ ਕਰ ਲਿਆ ਤੇ ਫਿਰ ਉਹ ਨਾਨਕਿੰਗ ਵੱਲ ਵਧੇ। ਇਥੇ 29 ਅਗਸਤ, 1842 ਨੂੰ ਇਕ ਸੰਧੀ ਰਾਹੀਂ ਯੁੱਧ ਖਤਮ ਹੋਇਆ।

## ਨਾਨਕਿੰਗ ਦੀ ਸੰਧੀ ਦੀਆਂ ਸ਼ਰਤਾਂ :

29 ਅਗਸਤ, 1842 ਨੂੰ ਹੋਈ ਸੰਧੀ ਨੂੰ ਨਾਨਕਿੰਗ ਦੀ ਸੰਧੀ ਆਖਦੇ ਹਨ। ਇਸ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਸਨ :

1. ਹਾਂਗ ਕਾਂਗ ਖੇਤਰ ਬਰਤਾਨਵੀ ਹੋਵੇਗਾ।
2. ਚੀਨ ਦੀਆਂ ਪੰਜ ਬੰਦਰਗਾਹਾਂ - ਕੈਨਟਨ, ਅਮਾਏ, ਫੂਚੋ, ਨਿਨਗਪੋ ਅਤੇ ਸਿੰਘਾਈ ਪੱਛਮੀ ਵਪਾਰ ਲਈ ਖੁੱਲੀਆਂ ਹੋਣਗੀਆਂ।
3. ਉਪਰੋਕਤ ਪੰਜ ਬੰਦਰਗਾਹਾਂ 'ਸੰਧੀ ਬੰਦਰਗਾਹਾਂ' ਦੇ ਰੂਪ ਵਿਚ ਵਿਦੇਸ਼ੀ ਵਪਾਰੀਆਂ ਲਈ ਵਸੋਂ (Residence) ਦਾ ਪ੍ਰਬੰਧ ਕਰਨਗੀਆਂ। ਭਵਿੱਖ ਵਿਚ ਹਰ ਅਜਿਹੀ 'ਸੰਧੀ ਬੰਦਰਗਾਹ' ਉੱਪਰ ਸੰਬੰਧਤ ਦੇਸ਼ ਆਪਣੇ ਵਣਜ ਦੂਤ ਨਿਯੁਕਤ ਕਰ ਸਕਣਗੇ।
4. ਚੀਨ ਇੰਗਲੈਂਡ ਨੂੰ 210 ਲੱਖ ਸਿਲਵਰ ਡਾਲਰ ਯੁੱਧ ਦੇ ਹਰਜਾਨੇ ਦੇ ਰੂਪ ਵਿਚ ਦੇਵੇਗਾ। ਇਸ ਵਿਚੋਂ 120 ਲੱਖ ਡਾਲਰ ਬਰਤਾਨੀਆਂ ਦਾ ਯੁੱਧ ਖਰਚਾ ਹੋਵੇਗਾ, 60 ਲੱਖ ਅਫੀਮ ਦਾ ਮੁਆਵਜਾ ਤੇ 30 ਲੱਖ ਦਿੱਤੇ ਕਰਜ਼ੇ ਦੇ ਇਵਜ ਵਜੋਂ ਹੋਵੇਗਾ।
5. ਚੀਨ ਨੂੰ ਆਪਣੇ ਆਯਾਤ ਤੇ ਨਿਰਯਾਤ ਤੇ ਇਕਸਾਰ ਕਰ (duty) ਲਾਉਣ ਦਾ ਹੱਕ ਹੋਵੇਗਾ ਪਰੰਤੂ ਇਸ ਦੀ ਦਰ ਬਾਅਦ ਵਿਚ ਤਹਿ ਹੋਵੇਗੀ।

## ਬੋਗਿਉ ਦੀ ਸੰਧੀ (Treaty of the Bogue) :

ਨਾਨਕਿੰਗ ਦੀ ਸੰਧੀ ਇੰਗਲੈਂਡ ਨਾਲ ਹੋਈ ਸੀ। ਇਸ ਦੇਸ਼ ਨੇ ਅਕਤੂਬਰ 1843 ਵਿਚ ਬੋਗਿਉ ਦੀ ਸੰਧੀ ਕਰਕੇ ਆਪਣੇ ਆਪ ਨੂੰ Most favoured nation ਦਾ ਦਰਜਾ ਦਿਵਾ ਲਿਆ। ਦੂਸਰਾ, ਨਾਨਕਿੰਗ ਸੰਧੀ ਅਧੀਨ ਇੰਗਲੈਂਡ ਨੂੰ ਮਿਲੀਆਂ ਰਿਆਇਤਾਂ ਸਾਰੇ ਵਿਦੇਸ਼ੀਆਂ ਨੂੰ ਦੇ ਦਿੱਤੀਆਂ ਗਈਆਂ। ਫਲਸਰੂਪ ਚੀਨ ਨੇ ਅਮਰੀਕਾ ਤੇ ਫਰਾਂਸ ਨਾਲ ਵੀ ਨਾਨਕਿੰਗ ਵਰਗੀਆਂ ਸੰਧੀਆਂ 1844 ਵਿਚ ਕਰ ਲਈਆਂ।

## ਅਮਰੀਕਾ ਨਾਲ ਸੰਧੀ :

ਚੀਨ ਨੇ ਨਾਨਕਿੰਗ ਸੰਧੀ ਦੀ ਤਰਜ਼ ਉਪਰ 3 ਜੁਲਾਈ, 1844 ਨੂੰ Wanghia ਦੇ ਸਥਾਨ ਤੇ ਅਮਰੀਕਾ ਨਾਲ ਸੰਧੀ ਕਰ ਲਈ। ਇਸ ਸੰਧੀ ਵਿਚ ਵਾਧੂ ਤੇ ਨਵੀਂ ਗੱਲ ਇਹ ਸੀ ਕਿ ਅਮਰੀਕਨਾਂ ਨੂੰ ਚੀਨ ਵਿਚ Right to extraterritorialty ਮਿਲ ਗਿਆ।

## ਫਰਾਂਸ ਨਾਲ ਸੰਧੀ :

ਨਾਨਕਿੰਗ ਦੀ ਸੰਧੀ ਵਰਗੀ ਹੀ ਇਕ ਸੰਧੀ ਚੀਨ ਨੇ 24 ਅਕਤੂਬਰ, 1844 ਨੂੰ Whampoa ਦੇ ਸਥਾਨ ਤੇ ਫਰਾਂਸ ਨਾਲ ਕੀਤੀ। ਇਸ ਸੰਧੀ ਵਿਚ ਵਾਧੂ ਸ਼ਰਤ ਇਹ ਸੀ ਕਿ ਚੀਨ ਕੈਥੋਲਿਕ ਮਿਸ਼ਨਰੀਆਂ ਨੂੰ 'ਸੰਧੀ ਬੰਦਰਗਾਹਾਂ' ਵਿਖੇ ਚਰਚ ਸਥਾਪਤ ਕਰਨ ਦੇਵੇਗਾ।

## ਮਕਾਓ (Macao) :

ਮਕਾਓ ਉੱਪਰ ਪੁਰਤਗਾਲੀਆਂ ਨੇ ਦਾਅਵਾ ਪੇਸ਼ ਕਰ ਦਿੱਤਾ।

## ਨਾਨਕਿੰਗ ਦੀ ਸੰਧੀ ਦੀ ਮਹੱਤਤਾ (Significance of the Treaty of Nanking) :

ਇਸ ਸੰਧੀ ਦੀ ਮਹੱਤਤਾ ਹੇਠ ਲਿਖੇ ਅਨੁਸਾਰ ਸੀ :

(1) ਨਾਨਕਿੰਗ ਦੀ ਸੰਧੀ ਇਕਹਿਰੀ ਨਹੀਂ ਸੀ ਸਗੋਂ ਸੰਧੀਆਂ ਦੀ ਮਾਲਾ ਸੀ ਜਿਵੇਂ ਕਿ ਚੀਨ ਵੱਲੋਂ ਫਰਾਂਸ ਤੇ ਅਮਰੀਕਾ ਨਾਲ ਹੋਏ ਨਾਨਕਿੰਗ ਵਰਗੇ ਸਮਝੌਤਿਆਂ ਤੋਂ ਪ੍ਰਤੱਖ ਸੀ।

(2) ਨਾਨਕਿੰਗ ਦੀ ਸੰਧੀ ਨੇ ਚੀਨੀ ਇਤਿਹਾਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ। 1842 ਤੋਂ ਪਿਛੋਂ ਦਾ ਚੀਨ ਬਿਲਕੁੱਲ ਵੱਖਰਾ ਸੀ। ਇਸ ਨਾਲ ਸੰਧੀਆਂ ਦਾ ਦੌਰ ਸ਼ੁਰੂ ਹੋਇਆ। ਸੰਧੀਆਂ ਵਪਾਰ ਤੇ ਤਰੱਕੀ ਦੇ ਨਾਮ ਥੱਲੇ ਚੀਨ ਉੱਪਰ ਥੋਪੀਆਂ ਗਈਆਂ। ਇਨ੍ਹਾਂ ਇਕਤਰਫ਼ਾ ਸੰਧੀਆਂ ਨੇ ਚੀਨ ਦੀ ਇਕੱਲਤਾ ਖਤਮ ਕਰ ਦਿੱਤੀ।

(3) ਨਾਨਕਿੰਗ ਦੀ ਸੰਧੀ ਨੇ ਆਉਣ ਵਾਲੇ 100 ਸਾਲਾਂ ਲਈ ਇਸ ਦੇ ਬਦੇਸ਼ੀਆਂ ਨਾਲ ਸੰਬੰਧਾਂ ਦਾ ਮਾਡਲ ਪੇਸ਼ ਕੀਤਾ। ਇਨ੍ਹਾਂ ਸੰਬੰਧਾਂ ਦਾ ਆਧਾਰ ਪੱਛਮੀ ਬਸਤੀਵਾਦ ਸੀ। ਬਰਤਾਨੀਆ ਨੇ ਹਾਂਗਕਾਂਗ ਤੇ ਕਬਜ਼ਾ ਕਰਕੇ ਚੀਨ ਦੀ ਇਲਾਕਾਈ ਅਖੰਡਤਾ ਤੋੜੀ। ਅਮਰੀਕਨਾਂ ਤੇ ਫਰਾਂਸੀਸੀਆਂ ਨੇ ਇਹ ਹੱਕ ਹਾਸਲ ਕੀਤਾ ਕਿ ਉਨ੍ਹਾਂ ਦੇ ਜੰਗੀ ਜਹਾਜ ਵਪਾਰ ਦੀ ਸੁਰੱਖਿਆ ਖਾਤਰ ਕਿਸੇ ਵੀ ਚੀਨੀ ਬੰਦਰਗਾਹ ਵਿਚ ਦਾਖਲ ਹੋ ਸਕਦੇ ਸਨ ਤੇ ਮੰਗ ਕੀਤੀ ਕਿ ਚੀਨੀ ਉਨ੍ਹਾਂ ਦਾ ਹਰ ਹਾਲ ਸਵਾਗਤ ਕਰਨਗੇ। ਫਰਾਂਸ ਨੇ ਇਸਾਈ ਧਰਮ ਦੀ ਵਕਾਲਤ ਕਰਕੇ ਚੀਨ ਤੇ ਫਰਾਂਸ ਵਿਚਕਾਰ ਦੋਸਤੀ ਦੀ ਸੰਭਾਵਨਾ ਹੀ ਖਤਮ ਕਰ ਦਿੱਤੀ।

ਅਮਰੀਕਨਾਂ ਨੇ ਚੀਨੀਆਂ ਤੋਂ ਇਹ ਵੀ ਬਚਨ ਲੈ ਲਿਆ ਸੀ ਕਿ 12 ਸਾਲ ਬਾਅਦ ਨਾਨਕਿੰਗ ਦੀ ਸੰਧੀ ਨੂੰ Revise ਜਾਂ ਫਿਰ ਤੋਂ ਸੋਧਿਆ ਜਾਵੇਗਾ। ਇੰਝ ਅਗਸਤ 1842 ਦੀ ਸੰਧੀ ਅੰਤ ਨਹੀਂ ਸ਼ੁਰੂਆਤ ਸੀ।

(4) ਨਾਨਕਿੰਗ ਤੇ ਇਸ ਪਿਛੋਂ ਹੋਣ ਵਾਲੀ ਹਰ ਸੰਧੀ ਚੀਨ ਦੀ ਏਕਤਾ, ਪ੍ਰਭੂਸਤਾ ਤੇ ਆਰਥਿਕ ਹਿੱਤਾਂ ਲਈ ਮਾਰੂ ਸਿੱਧ ਹੋਈ। ਹਰ ਸੰਧੀ ਦਾ ਭਾਵ ਸੀ ਪੈਸੇ ਅਤੇ ਇਲਾਕੇ ਦਾ ਨੁਕਸਾਨ। ਹਰ ਸਮਝੌਤੇ ਦਾ ਅਰਥ ਸੀ ਹੋਰ ਰਾਸ਼ਟਰੀ ਬੇਇਜ਼ਤੀ ਅਤੇ ਵਿਦੇਸ਼ੀਆਂ ਪ੍ਰਤੀ ਰੰਜਸ਼।

(5) ਅਫੀਮ ਲਈ ਯੁੱਧ ਦਾ ਅੰਤ ਨਾਨਕਿੰਗ ਦੀ ਸੰਧੀ ਰਾਹੀਂ ਹੋਇਆ। ਪਰੰਤੂ ਸੰਧੀ ਵਿਚ ਅਫੀਮ ਦੇ ਵਪਾਰ ਦਾ ਜਿਕਰ ਤੱਕ ਨਹੀਂ ਸੀ। ਇਹ ਵਪਾਰ ਰੁਕਿਆ ਨਹੀਂ ਸਗੋਂ ਹੋਰ ਵਧਿਆ। ਪਰ ਇਤਨਾ ਵੀ ਨਹੀਂ ਵਧਿਆ ਜਿੰਨਾ ਇਸ ਨੂੰ ਸੁਪਨਿਆਂ ਵਿਚ ਵੇਖਿਆ ਗਿਆ ਸੀ।

### ਬੰਦਰਗਾਹਾਂ ਤੋਂ ਯੰਗਜੀ ਵਾਦੀ ਵੱਲ (From the Sea ports to Yangtze Valley) :

ਇੰਗਲੈਂਡ ਦੇ ਲਾਲਚੀ ਵਪਾਰੀ ਤੱਟੀ ਬੰਦਰਗਾਹਾਂ ਤੇ ਰੁਕਣ ਵਾਲੇ ਨਹੀਂ ਸਨ। ਲੰਕਾਸ਼ਾਇਰ ਤੇ ਮਾਨਚੈਸਟਰ ਵਿਚ ਪੈਦਾ ਹੋਣ ਵਾਲੀਆਂ ਵਸਤੂਆਂ ਦੀ ਮੰਗ ਅਜੇ ਵੀ ਚੀਨ ਵਿਚ ਸੀਮਤ ਸੀ। ਵਪਾਰੀਆਂ ਨੂੰ ਅਜੇ ਵੀ ਸ਼ਿਕਾਇਤ ਸੀ ਕਿ ਚੀਨ ਵਿਚ ਤਾਇਨਾਤ ਅੰਗਰੇਜ਼ ਅਧਿਕਾਰੀ ਉਨ੍ਹਾਂ ਦੇ ਹਿਤਾਂ ਦੀ ਰਾਖੀ ਨਹੀਂ ਕਰਦੇ ਸਨ। ਉਹ ਮੰਗ ਕਰਦੇ ਸਨ ਕਿ ਬਰਤਾਨਵੀ ਵਪਾਰਕ ਹਿਤਾਂ ਖਾਤਰ ਇੰਗਲੈਂਡ ਦਾ ਰਾਜਨੀਤਕ ਤੇ ਫੌਜੀ ਪ੍ਰਭਾਵ ਤੱਟੀ ਬੰਦਰਗਾਹਾਂ ਤੋਂ ਅੱਗੇ ਚੀਨ ਦੇ ਅੰਦਰ ਤੱਕ ਹੋਵੇ। ਯੰਗਜੀ ਵਾਦੀ ਵਿਚ ਬਰਤਾਨਵੀ ਪਸਾਰ ਲਈ ਬਹਾਨੇ ਲੱਭੇ ਜਾਣ ਲੱਗੇ। ਛੇਤੀ ਹੀ ਅਜਿਹਾ ਬਹਾਨਾ ਲੱਭ ਲਿਆ ਗਿਆ। ਇਸ ਬਹਾਨੇ ਨੂੰ Lorcha Arrow Case ਜਾਂ ਘਟਨਾ ਕਿਹਾ ਜਾਂਦਾ ਹੈ।

### ਲੋਰਚਾ ਐਰੋ ਦੀ ਘਟਨਾ (The Lorcha Arrow Incident) :

ਇਸ ਘਟਨਾ ਦਾ ਸੰਬੰਧ ਇਕ ਚੀਨੀ ਸਮੁੰਦਰੀ ਜਹਾਜ ਨਾਲ ਹੈ ਜਿਹੜਾ ਕਿ ਹਾਂਗਕਾਂਗ ਵਿਚ ਰਜਿਸਟਰ ਸੀ। ਇਸ ਦਾ ਕਪਤਾਨ ਅੰਗਰੇਜ਼ ਸੀ ਤੇ ਇਸ ਉੱਪਰ ਬਰਤਾਨਵੀ ਝੰਡਾ ਸੀ। ਦਰਿਆ ਵਿਚ ਖੜੋਤੇ ਇਸ ਜਹਾਜ ਉੱਪਰ ਆਪਣੇ ਵਾਇਸਰਾਏ ਦਾ ਹੁਕਮ ਮੰਨ ਕੁਝ ਚੀਨੀ ਆ ਚੜੇ, ਉਨ੍ਹਾਂ ਨੇ ਜਹਾਜੀ ਅਮਲੇ ਦੇ 12 ਮੈਂਬਰਾਂ ਨੂੰ ਫੜ ਲਿਆ। ਬਰਤਾਨਵੀਆਂ ਨੇ ਇਨ੍ਹਾਂ ਨੂੰ ਵਾਪਸ ਮੰਗਿਆ। ਚੀਨੀਆਂ ਨੇ ਪਹਿਲਾਂ ਤਾਂ ਇਨਕਾਰ ਕਰ ਦਿੱਤਾ ਪਰ ਫਿਰ ਉਨ੍ਹਾਂ ਨੂੰ ਛੱਡ ਦਿੱਤਾ। ਬਰਤਾਨਵੀ ਖੁਸ਼ ਨਾ ਹੋਏ। ਗੱਲਬਾਤ ਚਲਦੀ ਰਹੀ ਪਰੰਤੂ ਕੈਨਟਨ ਵਿਚ ਚੀਨੀ ਤੇ ਅੰਗਰੇਜ਼ ਸੰਬੰਧ ਫਿਰ ਵਿਗੜ ਗਏ ਕਿਉਂਕਿ ਬਰਤਾਨਵੀ ਮੰਗ ਕਰ ਰਹੇ ਸਨ ਕਿ ਨਾਨਕਿੰਗ ਦੀ ਸੰਧੀ ਨੂੰ ਸੋਧਿਆ ਜਾਵੇ।

ਹਾਲਾਤ ਇਸ ਕਦਰ ਵਿਗੜੇ ਕਿ ਇੰਗਲੈਂਡ ਨੇ ਅਪ੍ਰੈਲ 1857 ਵਿਚ ਕੈਨਟਨ ਤੇ ਕਬਜ਼ਾ ਕਰ ਲਿਆ। ਹੋਰ ਦੇਸ਼ ਵੀ ਇੰਗਲੈਂਡ ਵੱਲੋਂ ਸੰਧੀ-ਸੋਧ ਦੀ ਮੰਗ ਦਾ ਸਮਰਥਨ ਕਰਦੇ ਸਨ। ਅਸਲ ਵਿਚ 1854 ਤੋਂ ਇੰਗਲੈਂਡ, ਫਰਾਂਸ ਤੇ ਅਮਰੀਕਾ ਅਜਿਹੀ ਮੰਗ ਤੇ ਸਹਿਮਤ ਸਨ ਅਤੇ ਰੂਸ ਵੀ ਇਸ ਕੂਟਨੀਤੀ ਨੂੰ ਹਵਾ ਦੇ ਰਿਹਾ ਸੀ।

### ਉਦੇਸ਼ :

ਵਿਦੇਸ਼ੀਆਂ ਦੁਆਰਾ ਸੰਧੀ-ਸੋਧ ਮੰਗ ਦੇ ਅਸਲ ਉਦੇਸ਼ ਸਨ :

(1) ਚੀਨ ਦੀ ਸਾਰੀਆਂ ਬੰਦਰਗਾਹਾਂ ਨੂੰ ਖੁਲ੍ਹਵਾਉਣਾ

(2) ਯੰਗਜੀ ਦਰਿਆ ਵਿਚ ਆਵਾਜਾਈ ਦੀਆਂ ਸਹੂਲਤਾਂ ਲਈ ਇਜ਼ਾਜਤ

(3) ਅਫੀਮ ਦੇ ਵਪਾਰ ਨੂੰ ਕਨੂੰਨੀ ਮਾਨਤਾ ਦਿਵਾਉਣੀ

(4) ਚੀਨੀ ਮਜ਼ਦੂਰਾਂ ਨੂੰ ਬਾਹਰ ਲਿਜਾਣ ਦੇ ਧੰਦੇ ਨੂੰ ਕਨੂੰਨੀ ਮਾਨਤਾ ਹਾਸਲ ਕਰਵਾਉਣੀ

ਵਿਦੇਸ਼ੀਆਂ ਦੀਆਂ ਇਹ ਮੰਗਾਂ ਤਾਂ ਕੋਈ ਹਾਰੀ ਹੋਈ ਸਰਕਾਰ ਹੀ ਮੰਨ ਸਕਦੀ ਸੀ।

ਅੰਗਰੇਜ਼ਾਂ ਤੇ ਫਰਾਂਸੀਸੀਆਂ ਨੇ ਸਾਂਝੇ ਰੂਪ ਵਿਚ ਚੀਨੀਆਂ ਨੂੰ ਫਿਰ ਤੋਂ ਹਰਾਉਣ ਦਾ ਫੈਸਲਾ ਕਰ ਲਿਆ।

## ਦੂਸਰਾ ਯੁੱਧ ਤੇ ਸੰਧੀ-ਸੋਧ (1857-58) :

ਜਿੱਥੇ ਪਹਿਲਾ ਯੁੱਧ ਅਫੀਮ ਲਈ ਲੜਿਆ ਗਿਆ ਉੱਥੇ ਦੂਸਰਾ ਯੁੱਧ ਵਿਦੇਸ਼ੀਆਂ ਨੇ ਉਨ੍ਹਾਂ ਚੀਨੀਆਂ ਦੀ ਰਾਖੀ ਲਈ ਲੜਿਆ ਜਿਨ੍ਹਾਂ ਦਾ ਦੁਰਉਪਯੋਗ ਉਹ ਚੀਨ ਦੇ ਖਿਲਾਫ ਕਰਦੇ ਸਨ। ਦੂਸਰੇ ਯੁੱਧ ਵਿਚ ਫਰਾਂਸੀਸੀਆਂ ਨੇ ਇੰਗਲੈਂਡ ਦਾ ਸਾਥ ਦਿੱਤਾ। ਅਮਰੀਕਾ ਯੁੱਧ ਵਿਚ ਸ਼ਾਮਲ ਨਹੀਂ ਸੀ ਪਰ ਉਹ ਯੁੱਧ ਦੇ ਉਦੇਸ਼ਾਂ ਨਾਲ ਸਹਿਮਤ ਸੀ। 1857 ਈ. ਵਿਚ ਕੈਨਟਨ ਤੇ ਕਬਜ਼ਾ ਕਰਕੇ ਵਿਦੇਸ਼ੀ ਸੈਨਾ ਟਾਈਂਟਸਨ ਵੱਲ ਵਧੀ ਤੇ ਪੀਕਿੰਗ ਦੇ ਰਸਤੇ ਉੱਪਰ ਸਥਿਤ ਇਸ ਮਹੱਤਵਪੂਰਨ ਸ਼ਹਿਰ ਤੇ ਕਬਜ਼ਾ ਕਰ ਲਿਆ। ਇਸ ਨੇ ਚੀਨੀ ਸਰਕਾਰ ਨੂੰ ਝੁਕਾ ਦਿੱਤਾ। ਇਸ ਸ਼ਹਿਰ ਵਿਚ ਨਵੇਂ ਸਮਝੌਤੇ ਕੀਤੇ ਗਏ। ਇਨ੍ਹਾਂ ਨੂੰ ਟਾਈਂਟਸਨ ਸੰਧੀਆਂ ਆਖਦੇ ਹਨ। ਇਹ ਸੰਧੀਆਂ ਨਾਨਕਿੰਗ ਸੰਧੀਆਂ ਦਾ ਵਿਕਸਤ ਰੂਪ ਸਨ।

## ਟਾਈਂਟਸਨ ਤੇ ਪੀਕਿੰਗ ਦੀਆਂ ਸੰਧੀਆਂ (The Tientsin and Peking Treaties) :

ਲਾਰਡ ਇਲਜਨ (Lord Elgin) ਬਰਤਾਨਵੀ ਫੌਜਾਂ ਦੇ ਨਾਲ ਸੀ। ਉਸ ਨੇ 26 ਜੂਨ, 1858 ਨੂੰ ਹੇਠ ਲਿਖੀਆਂ ਸ਼ਰਤਾਂ ਤੇ ਚੀਨ ਨਾਲ ਸੰਧੀ ਕੀਤੀ :

1) ਬਰਾਬਰੀ ਦੇ ਆਧਾਰ ਤੇ ਚੀਨ ਤੇ ਬਰਤਾਨੀਆ ਆਪਸ ਵਿਚ ਸਫਾਰਤੀ ਸੰਬੰਧ (Diplomatic Relations) ਸਥਾਪਤ ਕਰਨਗੇ। ਇਕ ਬਰਤਾਨਵੀ ਸਫੀਰ ਜਾਂ ਡਿਪਲੋਮੈਟ ਪੀਕਿੰਗ ਵਿਚ ਰਹੇਗਾ।
2) ਚੀਨ ਆਪਣੀਆਂ 11 ਹੋਰ ਬੰਦਰਗਾਹਾਂ ਬਰਤਾਨਵੀ ਵਪਾਰ ਲਈ ਖੋਲੇਗਾ।
3) ਬਰਤਾਨਵੀ ਚੀਨ ਵਿਚ ਕਿਸੇ ਵੀ ਥਾਂ ਜਾਣ ਦੀ ਅਜਾਦੀ ਮਾਨਣਗੇ। ਮਿਸ਼ਨਰੀ ਵੀ ਅਜ਼ਾਦ ਹੋਣਗੇ। ਉਹ ਜਿੱਥੇ ਚਾਹੁਣ ਜਾ ਸਕਣਗੇ ਅਤੇ ਧਰਮ ਪ੍ਰਚਾਰ ਕਰ ਸਕਦੇ ਹਨ।
4) ਐਕਸਟਸਰਾ-ਟੈਰੀਟੋਰੀਐਲਟੀ ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ। ਬਰਤਾਨਵੀਆਂ ਉੱਪਰ ਮੁਕੱਦਮੇ ਅੰਗਰੇਜ਼ੀ ਸਟਾਫ ਤੇ ਬਰਤਾਨਵੀ ਕਾਇਦੇ ਅਨੁਸਾਰ, ਜਿੱਥੇ ਬਰਤਾਨਵੀ ਤੇ ਚੀਨੀ ਝਗੜੇ ਵਿਚ ਸ਼ਾਮਲ ਹੋਣਗੇ ਉਥੇ ਫੈਸਲਾ ਕਰਨ ਵਾਲੇ ਅੰਗਰੇਜ਼ ਤੇ ਚੀਨੀ ਦੋਵੇਂ ਹੋਣਗੇ। ਫੌਜਦਾਰੀ ਕੇਸਾਂ ਦਾ ਫੈਸਲਾ ਸੰਬੰਧਤ ਰਾਸ਼ਟਰ ਦੇ ਬੰਦਿਆਂ ਵੱਲੋਂ ਹੋਵੇਗਾ।
5) ਬਰਤਾਨਵੀ ਜਹਾਜ ਕਿਸੇ ਵੀ ਸੰਧੀ ਬੰਦਰਗਾਹ ਤੱਕ ਪਹੁੰਚ ਸਕਣਗੇ।
6) ਬਰਤਾਨਵੀ 40 ਲੱਖ ਸਿਲਵਰ ਡਾਲਰ ਦਾ ਹਰਜਾਨਾ ਚੀਨ ਤੋਂ ਲੈਣਗੇ।
7) ਟੈਰਿਫ ਦੀ ਮਾਤਰਾ 5% ਲੈਵੀ ਦੇ ਰੂਪ ਵਿਚ ਤਹਿ ਕਰ ਦਿੱਤੀ ਗਈ।
8) ਅਮਰੀਕਾ ਦੇ ਕਹਿਣ ਤੇ ਅਫੀਮ ਦਾ ਮਸਲਾ ਹੱਲ ਕਰ ਲਿਆ ਗਿਆ। ਚੀਨ ਨੇ ਇਸ ਦੀ Import ਨੂੰ ਕਨੂੰਨੀ ਮਾਨਤਾ ਦੇ ਦਿੱਤੀ।

## ਅਮਰੀਕਾ ਤੇ ਫਰਾਂਸ ਦਾ ਰੋਲ :

ਅਮਰੀਕਾ ਯੁੱਧ ਵਿਚ ਸ਼ਾਮਲ ਨਹੀਂ ਸੀ ਫਿਰ ਵੀ ਉਸ ਦੀ ਦਿਲਚਸਪੀ ਡੂੰਘੀ ਸੀ। ਅਸਲ ਵਿਚ ਉਸ ਨੇ ਆਪਣਾ ਪੈਂਤੜਾ ਬਦਲ ਲਿਆ ਸੀ। ਉਹ ਹੁਣ ਅਫੀਮ ਦੇ ਵਪਾਰ ਵਿਚ ਸ਼ਾਮਲ ਸੀ। ਉਸ ਦਾ ਬਦਲਿਆ

ਰੁਖ ਇਸ ਗੱਲੋਂ ਵੀ ਨਜ਼ਰ ਆਉਂਦਾ ਸੀ ਕਿ ਉਹ ਵੀ ਫਰਾਂਸ ਦੀ ਤਰ੍ਹਾਂ ਇਸਾਈ ਧਰਮ ਤੇ ਇਸ ਦੇ ਪਾਦਰੀਆਂ ਅਤੇ ਚਰਚਾਂ ਬਾਰੇ ਸਹੂਲਤਾਂ ਦੀ ਵਕਾਲਤ ਕਰਦਾ ਸੀ।

ਫਰਾਂਸ ਨੂੰ ਪਾਦਰੀਆਂ ਤੇ ਇਸਾਈ ਧਰਮ ਦੀ ਚਿੰਤਾ ਪਹਿਲਾਂ ਤੋਂ ਵੀ ਵੱਧ ਸੀ। ਸੰਧੀ ਰਾਹੀਂ ਉਸ ਨੇ ਚੀਨੀ ਸਰਕਾਰ ਤੋਂ ਇਹ ਮਨਵਾ ਲਿਆ ਸੀ ਕਿ ਚੀਨ ਕੈਥੋਲਿਕ ਪ੍ਰਚਾਰਕਾਂ ਦੀ ਚੀਨ ਦੇ ਧੁਰ ਅੰਦਰ ਸੁਰੱਖਿਆ ਯਕੀਨੀ ਬਣਾਏਗਾ।

## ਇੰਗਲੈਂਡ ਦੀ ਜਿੱਤ ਤੇ ਫਿਰ ਯੁੱਧ :

ਲਾਰਡ ਐਲਜਿਨ ਦੁਆਰਾ ਕੀਤੀ ਗਈ ਟਾਈਂਟਸਨ ਦੀ ਸੰਧੀ ਜਦ ਚੀਨੀ ਬਾਦਸ਼ਾਹ ਕੋਲ Ratification ਲਈ ਗਈ ਸੀ ਤਾਂ ਇੰਗਲੈਂਡ ਨੇ ਜਿੱਦ ਕੀਤੀ ਕਿ ਚੀਨ ਵਿਦੇਸ਼ੀਆਂ ਨੂੰ ਆਪਣੀ ਰਾਜਧਾਨੀ ਵਿਚ ਪੱਕੀਆਂ ਰਿਹਾਇਸ਼ਾਂ ਬਣਾਉਣ ਦਾ ਬਰਤਾਨਵੀ ਪ੍ਰਸਤਾਵ ਮੰਨੇ। ਜਦੋਂ ਕਿ ਫਰਾਂਸ ਤੇ ਅਮਰੀਕਾ ਕੇਵਲ ਪੀਕਿੰਗ ਵਿਚ ਦੂਤ-ਘਰ ਖੋਲ੍ਹਣ ਦੇ ਹੱਕ ਵਿਚ ਸਨ। ਚੀਨ ਦੇ ਇਨਕਾਰ ਕਰਨ ਤੇ ਲਾਰਡ ਐਲਜਨ ਨੇ ਫਿਰ ਹਮਲਾ ਕਰਕੇ ਪੀਕਿੰਗ ਜਿੱਤ ਲਿਆ। ਚੀਨੀ ਬਾਦਸ਼ਾਹ ਰਾਜਧਾਨੀ ਖਾਲੀ ਕਰ ਚੁੱਕਿਆ ਸੀ। ਉਸ ਵੱਲੋਂ ਰਾਜ ਕੁਮਾਰ Kung ਨੇ ਇਕ ਨਵੀਂ ਸੰਧੀ ਕੀਤੀ। ਇਹ ਪੀਕਿੰਗ ਸੰਧੀ ਸੀ।

## ਪੀਕਿੰਗ ਦੀ ਸੰਧੀ :

22 ਸਤੰਬਰ, 1859 ਨੂੰ ਹੋਈ ਪੀਕਿੰਗ ਸੰਧੀ ਦੀਆਂ ਸ਼ਰਤਾਂ ਸਨ :

1) ਚੀਨ ਨੇ ਟਾਈਂਟਸਨ ਸੰਧੀ ਦੀਆਂ ਸਾਰੀਆਂ ਸ਼ਰਤਾਂ ਸਵੀਕਾਰ ਕਰ ਲਈਆਂ।
2) ਯੁੱਧ ਹਰਜਾਨਾ ਵਧਾ ਕੇ 160 ਲੱਖ ਡਾਲਰ ਕਰ ਦਿੱਤਾ।
3) ਟਾਈਂਟਸਨ ਬੰਦਰਗਾਹ ਵੀ ਵਿਦੇਸ਼ੀਆਂ ਲਈ ਖੁਲ੍ਹੀ ਰਹੇਗੀ।
4) ਚੀਨੀ ਮਜ਼ਦੂਰ ਬਾਹਰ ਲੈ ਜਾਣ ਦੀ ਪ੍ਰਵਾਨਗੀ ਹੋਵੇਗੀ
5) ਕੈਥੋਲਿਕ ਪਾਦਰੀ ਚੀਨ ਵਿਚ ਚਰਚ ਬਣਾਉਣ ਲਈ ਜ਼ਮੀਨ ਖਰੀਦ ਸਕਣਗੇ।
6) ਹਾਂਗਕਾਂਗ ਦੇ ਨਜ਼ਦੀਕ Kowloon ਦਾ ਇਲਾਕਾ ਬਰਤਾਨੀਆ ਦਾ ਹੋਵੇਗਾ।

## ਰੂਸ ਨਾਲ ਸੰਧੀ :

ਅਮਰੀਕਾ ਦੀ ਤਰ੍ਹਾਂ ਰੂਸ ਨੇ ਵੀ ਯੁੱਧਾਂ ਵਿਚ ਹਿੱਸਾ ਨਹੀਂ ਲਿਆ। ਉਹ ਆਪਣੇ ਆਪ ਨੂੰ ਚੀਨੀ ਮਿੱਤਰ ਦੇ ਰੂਪ ਵਿਚ ਪੇਸ਼ ਕਰਦਾ ਰਿਹਾ, ਪਰੰਤੂ ਮਿੱਤਰਤਾ ਦੀ ਕੀਮਤ ਉਸ ਨੇ ਵੀ ਲਈ। 14 ਨਵੰਬਰ, 1860 ਨੂੰ ਇਕ ਪੀਕਿੰਗ ਸੰਧੀ ਰੂਸ ਤੇ ਚੀਨ ਵਿਚਕਾਰ ਹੋਈ। ਇਸ ਅਨੁਸਾਰ ਰੂਸ ਨੇ ਉਸੂਰੀ ਪਾਰ (Trans Ussuri) ਇਲਾਕਾ ਚੀਨ ਤੋਂ ਲੈ ਲਿਆ। ਹੁਣ ਉਹ Amur ਦਰਿਆ ਤੱਕ ਪਹੁੰਚ ਗਿਆ। ਇੰਝ ਕਰਕੇ ਰੂਸ ਕੋਰੀਆ ਤੇ ਚੀਨ ਨਾਲ ਸਿੱਧ ਆ ਲਗਿਆ ਸੀ। ਉਸ ਦੀ ਸ਼ਾਂਤਮਹਾਂਸਾਗਰ ਤੇ ਟਾਪੂਆਂ ਵਿਚ ਦਿਲਚਸਪੀ ਵਧ ਗਈ।

## ਆਪਣਾ ਗਿਆਨ ਪਰਖੋ – 01

| | | | | |
|---|---|---|---|---|
| ਉੱਤਰ : | 01-1 | ਯੂਅਨਾਂਨ (Yunan) | | |
| | 01-2 | ਟਾਈਂਟਸਨ | 01-4 | ਸੰਘਾਈ |

01-3 ਮੁਕਦੇਨ 01-5 ਕੈਨਟਨ

**ਆਪਣਾ ਗਿਆਨ ਪਰਖੋ - 02**

ਉੱਤਰ :02-1 ਚੀਨੀ ਤੇ ਪਰਚੂਨ ਵਪਾਰੀ ਜਿਹੜੇ ਕੈਨਟਨ ਤੋਂ ਬਦੇਸ਼ੀ ਵਪਾਰੀਆਂ ਦੁਆਰਾ ਲਿਆਂਦੀਆ ਵਸਤੂਆਂ ਚੀਨ ਦੇ ਅੰਦਰ ਲੈ ਜਾਂਦੇ ਸਨ।

02-2 ਕੈਨਟਨ ਵਪਾਰ ਨੂੰ ਕੰਟਰੋਲ ਕਰਨਾ ਅਤੇ ਵਿਦੇਸ਼ੀ ਵਪਾਰੀਆਂ ਨੂੰ ਵਪਾਰ ਦੀ ਇਜ਼ਾਜਤ ਦੇਣੀ ਜਾਂ ਨਾ ਦੇਣੀ।

02-3 ਚੀਨੀ ਵਪਾਰੀਆਂ ਦੀ ਸਰਕਾਰੀ ਏਜੰਸੀ

02-4 ਚੀਨੀ ਬਾਦਸ਼ਾਹ ਸਾਹਮਣੇ 9 ਵਾਰੀ ਢੰਡੋਤ ਦੀ ਰਸਮ ਪੀਕਿੰਗ ਵਿਚ ਕੀਤੀ ਜਾਂਦੀ ਸੀ।

02-5 ਭਾਰਤ ਵਿਚ ਅਫੀਮ ਦੇ ਖੁਲ੍ਹੀ ਨਿਲਾਮੀ ਰਾਹੀਂ ਈਸਟ ਇੰਡੀਆ ਕੰਪਨੀ ਮਾਲ ਪ੍ਰਾਈਵੇਟ ਵਪਾਰੀਆਂ ਨੂੰ ਕਲਕੱਤੇ ਤੇ ਬੰਬਈ ਸਪਲਾਈ ਕਰਦੀ ਸੀ। ਇਕ ਸਰਕਾਰੀ ਸਰਟੀਫਿਕੇਟ ਲੈ ਕੇ ਇਹ ਵਪਾਰੀ ਅਫੀਮ ਜਹਾਜਾਂ ਰਾਹੀਂ ਚੀਨ ਲੈ ਜਾਂਦੇ ਸਨ।

**ਆਪਣਾ ਗਿਆਨ ਪਰਖੋ - 03 :- ਹੇਠ ਲਿਖੇ ਵਿਅਕਤੀ ਕੌਣ ਸਨ :-**

ਉੱਤਰ : 03-01 (1) ਜਾਰਡਾਈਨ
(2) ਮੈਥਸਨ

03-02 ਲਿੰਨ-ਸੇ-ਹਸ਼ੂ (Lin-Tse-hsu)

03-03 ਨੇਪੀਅਰ

03-04 ਲਿੰਟਨ (Lintin)

**ਤੁਹਾਡੇ ਅਭਿਆਸ ਲਈ ਪ੍ਰਸ਼ਨ :**

1. ਚੀਨ ਦੇ ਪੰਜ ਉੱਤਰੀ ਰਾਜਾਂ ਦੇ ਨਾਮ ਦੱਸੋ।
2. ਐਕਸਟਰਾ-ਟੈਰੀਟੋਰੀਐਲਟੀ ਦਾ ਸਿਧਾਂਤ ਕੀ ਸੀ ?
3. ਟਾਈਂਟਸਨ ਸੰਧੀ ਦੀਆਂ ਮੁੱਖ ਸ਼ਰਤਾਂ ਕੀ ਸਨ ?
4. ਅਮਰੀਕਾ ਦਾ ਅਫੀਮ ਮੁੱਦੇ ਉੱਪਰ ਕੀ ਸਟੈਂਡ ਸੀ ?
5. ਕੈਨਟਨ ਵਪਾਰ ਕਿਉਂ ਤੇ ਕਿਵੇਂ ਯੁੱਧ ਦਾ ਕਾਰਨ ਬਣਿਆ ?
6. ਅਫੀਮ ਯੁੱਧ ਦੇ ਕੀ ਕਾਰਨ ਸਨ ? ਵਿਸਥਾਰ ਨਾਲ ਲਿਖੋ ।
7. ਨਾਨਕਿੰਗ ਦੀ ਸੰਧੀਆਂ ਦਾ ਵਰਨਣ ਕਰੋ। ਇਨ੍ਹਾਂ ਦੀ ਕੀ ਮਹੱਤਤਾ ਸੀ ?

**ਹੋਰ ਜਾਣਕਾਰੀ ਲਈ ਵੇਖੋ ਪੁਸਤਕਾਂ :**


1. K.M.Panikkar, *Asia and Western Domination* (London, 1959), Pp. 55-64, 93-106
2. Harold M.Vinacke, *A History of the Far East in Modern Times* (Ludhiana, 1996), Pp. 29-52
   (ਇਹ ਕਿਤਾਬ ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਵਿਚ ਵੀ ਛਾਪੀ ਗਈ ਹੈ ਅਤੇ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਮਿਲਦੀ ਹੈ)
3. R.S.Gupte, *History of Modern China* (New Delhi, 1974), Pp. 1-16, 55-70

**ਸੈਕਸ਼ਨ – ਏ** **ਪਾਠ 1.2** **ਲੇਖਕ : ਨਾਜ਼ਰ ਸਿੰਘ**

# ਜਪਾਨ ਦਾ ਖੁਲ੍ਹਣਾ (Opening of Japan)

**ਇਸ ਪਾਠ ਦੀ ਬਣਤਰ :**

ਉਦੇਸ਼, ਜਾਣ–ਪਛਾਣ
ਜਪਾਨੀ ਇਤਿਹਾਸ ਦੀ ਰੂਪ–ਰੇਖਾ
ਭੂਗੋਲ ਅਤੇ ਭੂਮੀ
ਰਾਜਨੀਤਕ ਸੰਸਥਾਵਾਂ
ਵਪਾਰੀ ਵਰਗ ਤੇ ਬਿਦੇਸ਼ੀ
ਧਿਆਨ ਯੋਗ ਅਹਿਮ ਨੁਕਤੇ ਤੇ ਪ੍ਰਸ਼ਨ
ਪੈਰੀ ਮਿਸ਼ਨ, ਹਦਾਇਤਾਂ, ਸੰਧੀ ਅਤੇ ਸਫ਼ਲਤਾ

**ਤੁਸੀਂ ਆਪਣਾ ਗਿਆਨ ਪਰਖੋ :–**

ਜਪਾਨ ਤੇ ਪੱਛਮ
ਅਮਰੀਕਾ ਨਾਲ ਦੂਜੀ ਵਾਰ ਸੰਧੀਆਂ
ਪੈਰੀ ਤੇ ਹੈਰੀਸ ਮਿਸ਼ਨਾਂ ਦਾ ਜਪਾਨੀ ਅੰਦਰੂਨੀ ਨੀਤੀ ਤੇ ਪ੍ਰਭਾਵ
ਪਾਠ 'ਚ ਆਏ ਤਕਨੀਕੀ ਸ਼ਬਦ
ਛੋਟੇ ਪ੍ਰਸ਼ਨ (Short Notes)
ਲੰਮੇ ਪ੍ਰਸ਼ਨ

**ਵਧੇਰੇ ਜਾਣਕਾਰੀ ਲਈ ਪੁਸਤਕਾਂ ਦੀ ਸੂਚੀ :**

**ਦੀ ਸੂਚੀ**

**ਉਦੇਸ਼ :**

ਇਹ ਪਾਠ ਪੜ੍ਹਨ ਉਪਰੰਤ ਤੁਸੀਂ ਕਰ ਸਕੋਗੇ :

1. ਜਪਾਨ ਦੇ ਬਿਦੇਸ਼ੀਆਂ ਨਾਲ ਨਵੇਂ ਸੰਬੰਧਾਂ ਨੂੰ ਬਿਆਨ
2. ਜਪਾਨੀ ਆਰਥਿਕ, ਸਮਾਜਿਕ ਤੇ ਰਾਜਨੀਤਕ ਹਾਲਤਾਂ ਦੀ ਨਿਸ਼ਾਨਦੇਹੀ
3. ਜਪਾਨੀ ਪੱਛਮੀਕਰਨ ਜਾਂ ਆਧੁਨਿਕੀਕਰਨ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ

**ਜਾਣ-ਪਛਾਣ :**

ਪਿਛਲੇ ਪਾਠ ਵਿਚ ਅਸੀਂ ਚੀਨ ਦਾ ਵਿਦੇਸ਼ੀ ਸ਼ਕਤੀਆਂ ਲਈ ਖੁਲ੍ਹਣਾ ਵੇਖਿਆ ਸੀ। ਇਹ 1833 ਈ. ਅਤੇ 1858 ਈ. ਵਿਚਕਾਰ ਵਾਪਰਿਆ। ਠੀਕ ਇਸ ਸਮੇਂ ਜਪਾਨ ਨੂੰ ਅਮਰੀਕਨਾਂ ਨੇ ਖੋਲ੍ਹਿਆ (1853-58)। ਦੋਵਾਂ ਘਟਨਾਵਾਂ ਵਿਚ ਫ਼ਰਕ ਇਹ ਵੀ ਸੀ ਕਿ ਚੀਨ ਨੂੰ ਇੰਗਲੈਂਡ ਤੇ ਫਰਾਂਸ ਨੇ ਯੁੱਧ ਰਾਹੀਂ ਖੋਲ੍ਹਿਆ ਜਦੋਂ ਕਿ ਜਪਾਨ ਦੀ ਇਕਾਂਤ ਜਬਰਦਸਤੀ ਕੀਤੇ ਸਮਝੌਤਿਆਂ ਰਾਹੀਂ ਕਮਾਂਡਰ ਪੈਰੀ ਨੇ ਤੋੜੀ।

ਜਪਾਨ ਨੂੰ ਖੋਲ੍ਹਣ ਦਾ ਸਿਹਰਾ ਕਮਾਂਡਰ ਪੈਰੀ ਤੋਂ ਇਲਾਵਾ ਅਮਰੀਕਾ ਸਰਕਾਰ ਨੂੰ ਜਾਂਦਾ ਹੈ। ਅਮਰੀਕਨਾਂ ਤੇ ਹੋਰ ਵਿਦੇਸ਼ੀਆਂ ਨੇ ਜਪਾਨੀ ਸਮਾਜ ਤੇ ਰਾਜਨੀਤੀ ਲਈ ਨਵੇਂ ਸੰਕਟ ਪੈਦਾ ਕੀਤੇ। ਸ਼ੋਗਨ ਦੀ ਤਕਰੀਬਨ 250 ਸਾਲ ਪੁਰਾਣੀ ਸੰਸਥਾ ਕਮਜ਼ੋਰ ਹੋਈ ਤੇ 1868 ਵਿਚ ਇਸ ਨੂੰ ਭੰਗ ਕਰ ਦਿੱਤਾ ਗਿਆ। ਇਹ ਪੱਛਮੀ ਪ੍ਰਭਾਵ ਦਾ ਸਭ ਤੋਂ ਵੱਡਾ ਨਤੀਜਾ ਸੀ।

ਇਕ ਵਾਰੀ ਫਿਰ ਚੀਨ ਤੇ ਜਪਾਨ ਵਿਚ ਫ਼ਰਕ ਸੀ। ਜਿੱਥੇ ਅਫ਼ੀਮ ਯੁੱਧਾਂ ਨੇ ਤਾਈਪਿੰਗ ਕਿਸਾਨਾਂ ਦੇ ਵਿਦਰੋਹ (1851-64) ਨੂੰ ਚੀਨ ਵਿਚ ਜਨਮ ਦਿੱਤਾ, ਉਥੇ ਜਪਾਨ ਨੂੰ ਸੰਵਿਧਾਨਕ ਸੰਕਨ ਚੋਂ ਲੰਘਣਾ ਪਿਆ। ਸੰਵਿਧਾਨਕ ਸੰਕਟ ਤੋਂ ਭਾਵ ਮੇਜੀ ਦੀ ਪੁਨਰ-ਸਥਾਪਨਾ ਹੈ। ਪੱਛਮੀ ਦੇਸ਼ ਚੀਨ ਜਾਂ ਜਪਾਨ ਨੂੰ ਲੰਮਾ ਸਮਾਂ ਸ਼ਾਂਤੀ ਅਤੇ ਰਾਜਨੀਤਕ ਸਥਿਰਤਾ ਨਹੀਂ ਦੇ ਸਕੇ।

**ਆਧੁਨਿਕ ਜਪਾਨੀ ਇਤਿਹਾਸ ਦੀ ਰੂਪ-ਰੇਖਾ (An out-line of Modern Japan's Past):**

ਆਧੁਨਿਕ ਜਪਾਨ ਜਾਂ 19ਵੀਂ ਤੇ ਵੀਹਵੀਂ ਸਦੀ ਦੇ ਜਪਾਨੀ ਇਤਿਹਾਸ ਵਿਚ ਹੇਠ ਲਿਖੀਆਂ ਮਿਤੀਆਂ ਤੇ ਘਟਨਾਵਾਂ ਅਤਿਅੰਤ ਮਹੱਤਵਪੂਰਨ ਹਨ :

(1) 1853 ਈ. ਵਿਚ ਜਦੋਂ ਪੈਰੀ (Perry) ਨਾਮ ਦਾ ਅਮਰੀਕਨ ਯੋਕੋਹਾਮਾ (Yokohama) ਦੀ ਖਾੜੀ ਵਿਚ ਦਾਖ਼ਲ ਹੋਇਆ। ਇਸ ਘਟਨਾ ਤੋਂ ਜਪਾਨ ਦਾ ਵਿਦੇਸ਼ੀਆਂ ਲਈ ਖੁਲ੍ਹਣਾ ਸ਼ੁਰੂ ਹੁੰਦਾ ਹੈ। ਅਸੀਂ ਵੇਖ ਸਕਦੇ ਹਾਂ ਕਿ ਜਪਾਨ ਨੂੰ ਵੀ ਉਸੇ ਤਰ੍ਹਾਂ ਹੀ ਖੋਲ੍ਹਿਆ ਗਿਆ ਜਿਵੇਂ ਕਿ ਚੀਨ ਨੂੰ। ਫ਼ਰਕ ਸੀ ਤਾਂ ਸਿਰਫ ਇਤਨਾ ਕਿ ਚੀਨ ਨੂੰ ਇੰਗਲੈਂਡ ਤੇ ਫਰਾਂਸ ਨੇ ਯੁੱਧਾਂ ਉਪਰੰਤ ਬਾਹਰੀ ਸੰਸਾਰ ਨਾਲ ਜੋੜਿਆ ਪਰੰਤੂ ਜਪਾਨ ਵਿਚ ਅਮਰੀਕਾ ਨੇ ਤਾਕਤ ਵਰਤਣ ਪਰੰਤੂ ਬਿਨਾਂ ਯੁੱਧ ਜਪਾਨ ਉੱਪਰ ਥੋਪੇ ਗਏ ਸਮਝੌਤੇ ਰਾਹੀਂ ਇਸ ਨੂੰ ਆਪਣੇ ਲਈ, ਰੂਸ ਲਈ ਇੰਗਲੈਂਡ ਤੇ ਹੋਰ ਦੇਸ਼ਾਂ ਲਈ ਖੋਲ੍ਹਿਆ।

(2) 1894 ਈ. ਨੂੰ ਪਹਿਲਾ ਚੀਨੀ ਜਪਾਨੀ ਯੁੱਧ ਹੋਇਆ। ਇਹ ਮੂਲ ਰੂਪ ਵਿਚ ਕੋਰੀਆ ਲਈ ਲੜਿਆ ਗਿਆ ਪਰੰਤੂ ਜਪਾਨ ਕੋਰੀਆ ਨੂੰ ਹੜੱਪ (annex) ਕੇ ਉੱਤਰੀ ਚੀਨ ਦੇ ਵੱਡੇ ਹਿੱਸੇ ਤੇ ਕਬਜ਼ਾ ਕਰਨ ਵਿਚ ਸਫ਼ਲ ਹੋ ਗਿਆ। ਇਸ ਯੁੱਧ ਦੀ ਮਹੱਤਤਾ ਦੋਹਰੀ ਸੀ : (ੳ) 1853 ਈ. ਤੋਂ 1894 ਈ. ਤੱਕ ਜਪਾਨ ਇਕ ਆਧੁਨਿਕ ਰਾਸ਼ਟਰ ਬਣ ਚੁੱਕਿਆ ਸੀ। ਉਸ ਦੀ ਫੌਜੀ ਸ਼ਕਤੀ,

ਆਰਥਿਕਤਾ ਤੇ ਰਾਜਨੀਤੀ ਪੱਛਮੀ ਪ੍ਰਭਾਵ ਨੂੰ ਕਬੂਲ ਚੁੱਕੇ ਸਨ। ਵਿਦੇਸ਼ੀਆਂ ਨੂੰ ਜਪਾਨ ਵਿਚ ਉਸ ਕਿਸਮ ਦੇ ਸਭਿਆਚਾਰਕ ਤੇ ਮਾਨਸਿਕ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਜਿਹੜਾ ਉਨ੍ਹਾਂ ਨੇ ਚੀਨ ਵਿਚ ਕੀਤਾ। (ਅ) ਜਪਾਨ ਦਾ ਆਧੁਨਿਕੀਕਰਨ ਮੁੱਖ ਰੂਪ ਵਿਚ ਇਸ ਨੂੰ ਚੀਨੀ ਤੇ ਡੱਚ ਪ੍ਰਭਾਵਾਂ ਤੋਂ ਮੁਕਤ ਕਰਦਾ ਸੀ। ਇਸ ਕਰਕੇ ਨਵਾਂ ਜਪਾਨ ਸਗੋ ਚੀਨ ਦਾ ਵਿਰੋਧੀ ਜਾਂ ਮੁਕਾਬਲੇ ਦਾ ਦੇਸ਼ ਸੀ। ਭਾਵੇਂ ਕਿ ਵਸੋਂ ਤੇ ਖੇਤਰਫ਼ਲ ਇਸ ਦਾ ਚੀਨ ਨਾਲੋਂ ਬਹੁਤ ਘੱਟ ਸੀ। ਵਿਦੇਸ਼ੀਆਂ ਦੇ ਆਉਣ ਨਾਲ ਜਪਾਨ ਦਾ ਆਪਣਾ ਸਦੀਆਂ ਪੁਰਾਣਾ ਰਾਜਨੀਤਕ ਢਾਂਚਾ ਵੀ ਲੜਖੜਾਇਆ। ਉਸ ਸਮੇਂ ਤੋਂ ਸ਼ੋਗਨ (Shogun) ਦਾ ਅਹੁਦਾ ਜਪਾਨੀ ਫੌਜੀ ਤੇ ਰਾਜਨੀਤਕ ਸ਼ਕਤੀ ਦਾ ਕੇਂਦਰ ਸੀ। 1603 ਈ. ਤੋਂ ਜਪਾਨ ਉੱਪਰ ਟੋਕੂਗਾਵਾਂ ਖਾਨਦਾਨ ਦਾ ਸ਼ੋਗਨ ਹਕੂਮਤ ਚਲਾ ਰਿਹਾ ਸੀ ਭਾਵੇਂ ਉਹ ਇਹ ਕਾਰਜ ਬਾਦਸ਼ਾਹ ਦੇ ਨਾਮ ਥੱਲੇ ਕਰਦਾ ਸੀ। ਟੋਕੂਗਾਵਾਂ ਸ਼ੋਗੂਨੇਟ (Tokugawa Shogunate) 1868 ਈ. ਤੱਕ ਕਾਇਮ ਰਹੀ ਪਰੰਤੂ ਅਫੀਮ ਯੁੱਧ ਉਪਰੰਤ ਜਿਵੇਂ ਜਿਵੇਂ ਜਪਾਨ ਉੱਪਰ ਵਿਦੇਸ਼ੀ ਦਬਾਉ ਵਧਿਆ ਸ਼ੋਗਨ ਦੀ ਸੰਸਥਾ ਕਮਜ਼ੋਰ ਹੁੰਦੀ ਗਈ। ਇਸ ਦੇ ਮੁਕਾਬਲੇ ਬਾਦਸ਼ਾਹ (Emperor) ਦੀ ਸਥਿਤੀ ਮਜਬੂਤ ਹੋਈ ਤੇ ਮੰਗ ਉੱਠਣ ਲੱਗੀ ਕਿ ਜਪਾਨ ਦੀ ਸਰਕਾਰ ਸਹੀ ਅਰਥਾਂ ਵਿਚ ਬਾਦਸ਼ਾਹ ਦੀ ਸਰਕਾਰ ਹੋਵੇ। ਇਸ ਮੰਗ ਦਾ ਸਮਰਥਨ ਵਿਦੇਸ਼ੀ ਘੁਸਪੈਠੀਏ ਵੀ ਕਰਦੇ ਸਨ ਅਤੇ ਉਹ ਜਪਾਨੀ ਵੀ ਜਿਨ੍ਹਾਂ ਉੱਪਰ ਯੂਰਪੀਨ ਤੇ ਅਮਰੀਕਨ ਪ੍ਰਭਾਵ ਸੀ ਅਤੇ ਜਿਹੜੇ ਜਪਾਨ ਦਾ ਸੁਧਾਰ (reform) ਕਰਨਾ ਚਾਹੁੰਦੇ ਸਨ। ਨਤੀਜੇ ਵਜੋਂ 1868 ਈ. ਨੂੰ ਜਪਾਨ ਵਿਚ ਰਾਜਨੀਤਕ ਉੱਥਲ ਪੁੱਥਲ ਹੋਈ। ਨਵਾਂ ਸੰਵਿਧਾਨ ਤਲਾਸ਼ਿਆ ਜਾਣ ਲੱਗਿਆ। ਸ਼ੋਗਨ ਦੀ ਸੰਸਥਾ ਖਤਮ ਕਰ ਦਿੱਤੀ ਗਈ। ਇਸ ਘਟਨਾ ਨੂੰ ਮੇਜੀ ਪੁਨਰਸਥਾਪਨਾ ਆਖਦੇ ਹਨ। ਇਸ ਦਾ ਜਿਕਰ ਅਸੀਂ ਵੱਖਰੇ ਪਾਠ ਰਾਹੀਂ ਕਰਾਂਗੇ।

(3) 1937 ਈ. ਤੱਕ ਨਵੇਂ ਜਾਂ ਆਧੁਨਿਕ ਜਪਾਨ ਦਾ ਸਾਮਰਾਜੀ ਤੇ ਫਾਸ਼ੀ (Fascist) ਚਿਹਰਾ ਸੰਸਾਰ ਸਾਹਮਣੇ ਪੇਸ਼ ਹੋਇਆ। ਜਪਾਨ ਦੀ ਤੇਜ਼ੀ ਨਾਲ ਹੋਈ ਆਰਥਿਕ ਤੇ ਫੌਜੀ ਤਰੱਕੀ ਨੇ ਉਸ ਨੂੰ ਅਤਿ ਦਰਜੇ ਦਾ ਘੁਮੰਡੀ ਤੇ ਹੰਕਾਰੀ ਦੇਸ਼ ਬਣਾ ਦਿੱਤਾ। ਜਪਾਨ ਵਿਚ ਫੌਜੀਵਾਦ ਦੇ ਕੀ ਕਾਰਨ ਸਨ? ਇਹ ਵਿਸ਼ਾਲ ਵਿਸ਼ਾ ਹੈ। ਪਰੰਤੂ 1853 ਤੋਂ ਪਹਿਲਾਂ ਦੇ ਜਪਾਨੀ ਸਮਾਜ (Society) ਤੇ ਸਭਿਆਚਾਰ ਦੇ ਉਹ ਕਿਹੜੇ ਅੰਸ਼ ਸਨ ਜਿਨਾਂ ਕਰਕੇ ਜਪਾਨ ਦੀ ਤਰੱਕੀ ਹੀ ਉਸ ਦੀ ਬਰਬਾਦੀ ਦਾ ਕਾਰਨ ਬਣੀ। ਇਨ੍ਹਾਂ ਤੱਤਾਂ ਨੂੰ ਸਮਝਣਾ ਜਰੂਰੀ ਹੋਵੇਗਾ। ਇਥੇ ਇਹ ਯਾਦ ਰੱਖਣਾ ਪਵੇਗਾ ਕਿ ਨਵਾਂ ਜਪਾਨ ਸ਼ੁਰੂ ਸ਼ੁਰੂ ਵਿਚ ਚੀਨ ਵਿਰੋਧੀ ਸੀ ਤੇ ਇਸ ਵਿਰੋਧ ਨੂੰ ਵਿਦੇਸ਼ੀ ਹਵਾ ਦਿੰਦੇ ਸਨ। 1902 ਦੇ ਇੰਗਲੈਂਡ-ਜਪਾਨ ਸਮਝੌਤੇ ਤੋਂ ਪਿੱਛੋਂ ਇੰਗਲੈਂਡ ਨੇ ਜਪਾਨ ਨੂੰ ਏਸ਼ੀਆ ਦੇ ਹੋਰ ਦੇਸ਼ਾਂ ਉੱਪਰ ਕਾਬਜ ਹੋਣ ਦੀ ਹੱਲਾਸ਼ੇਰੀ ਦਿੱਤੀ। 1904 ਵਿਚ ਰੂਸ ਨੂੰ ਹਰਾ ਕੇ ਜਪਾਨ ਨੇ ਇਕ ਮਹਾਂਸ਼ਕਤੀ ਦੇ ਰੂਪ ਵਿਚ ਅੰਤਰਰਾਸ਼ਟਰੀ ਰਾਜਨੀਤੀ ਵਿਚ ਪਰਵੇਸ਼ ਕੀਤਾ। 1922-23 ਦੀ ਵਾਸ਼ਿੰਗਟਨ ਕਾਨਫਰੰਸ ਤੱਕ ਜਪਾਨ ਏਸ਼ੀਆ ਦੀ ਫਰਾਂਸ ਤੋਂ ਵੀ ਵੱਧ ਸ਼ਕਤੀਸ਼ਾਲੀ ਤਾਕਤ ਬਣ ਚੁੱਕਿਆ ਸੀ। ਉੱਤਰੀ ਚੀਨ ਦਾ ਵੱਡਾ ਹਿੱਸਾ ਜਪਾਨੀ ਸਾਮਰਾਜ ਵਿਚ ਤਬਦੀਲ ਹੋ ਗਿਆ ਸੀ - ਜਪਾਨੀ ਇਸ ਨੂੰ ਮਾਨਚੂਕੋ (Manchuko) ਆਖਦੇ ਸਨ।

1904 ਦਾ ਰੂਸ-ਜਪਾਨੀ ਯੁੱਧ, ਵਾਸ਼ਿੰਗਟਨ ਕਾਨਫਰੰਸ ਅਤੇ ਮਾਨਚੂਕੋ ਦੀ ਸਥਾਪਨਾ ਤੁਸੀਂ ਵੱਖਰੇ ਪਾਠਾਂ ਰਾਹੀਂ ਪੜ੍ਹੋਗੇ।

## ਜਪਾਨ ਦਾ ਭੂਗੋਲ ਅਤੇ ਭੂਮੀ (The Physical Japan) :

ਜਪਾਨ ਟਾਪੂਆਂ ਦਾ ਦੇਸ਼ ਹੈ। ਟਾਪੂਆਂ ਦੀ ਕਈ ਮਾਲਾ ਹਨ। ਚਾਰ ਪੰਜ ਮਾਲਾ (Chains of Islands) ਮਹੱਤਵਪੂਰਣ ਹਨ :

1. ਸੰਘਾਲਿਨ ਮਾਲਾ (The Sanghlin Islands)
2. ਕੁਰਾਇਲ ਮਾਲਾ (The Kurile Islands)
3. ਲੂੱਚੋ ਟਾਪੂ ਸਮੂਹ (The Loochoo Islands)
4. ਹੋਕੈਡੋ (Hokkaido)
5. ਹੋਨਸ਼ੂ (Honshu)

ਟਾਪੂਆਂ ਦੀਆਂ ਇਹ ਤਿੰਨ ਮਾਲਾ ਜਪਾਨੀ ਟਾਪੂਆਂ ਦਾ ਸਭ ਤੋਂ ਵੱਡਾ ਗਰੁੱਪ ਹੈ। ਇਹ ਗਰੁੱਪ ਉੱਤਰ ਵਿਚ ਕਾਮਚਟਕਾ (Kamchatka) ਤੋਂ ਫਾਰਮੂਸਾ (Formusa) ਰਾਹੀਂ ਦੱਖਣ ਤੱਕ ਫੈਲਿਆ ਹੋਇਆ ਹੈ।

ਕੋਰੀਆ (Korea) ਤੇ ਜਪਾਨ ਵਿਚਕਾਰ ਇਕ ਤੰਗ ਜ਼ਮੀਨੀ ਪੱਟੀ (strait) ਹੈ। ਕੋਰੀਆ ਰਾਹੀਂ ਹੀ ਜਪਾਨ ਏਸ਼ੀਆ ਦੀ ਮੁੱਖ ਭੂਮੀ ਨਾਲ ਜੁੜਦਾ ਹੈ। ਇਹ ਮੇਲ ਚੀਨ ਰਾਹੀਂ ਹੀ ਸੀ। ਤਸ਼ੂਸ਼ੀਮਾ (Tsushima) ਟਾਪੂ ਚੀਨ, ਕੋਰੀਆ ਤੇ ਜਪਾਨ ਲਈ ਪੁਲ ਜਾਂ ਆਵਾਜਾਈ ਦਾ ਸਾਧਨ ਬਣਦੇ ਹਨ।

ਚੀਨ ਦਾ ਸੰਸਕ੍ਰਿਤਕ ਪ੍ਰਭਾਵ ਜਪਾਨ ਉੱਪਰ ਕੋਰੀਆ ਤੇ ਸੰਘਾਲਿਨਾ ਟਾਪੂਆਂ ਰਾਹੀਂ ਪਿਆ।

ਮਲਾਇਆ ਇਕ ਹੋਰ ਦੇਸ਼ ਹੈ ਜਿਸ ਨੇ ਜਪਾਨ ਨੂੰ ਪ੍ਰਭਾਵਤ ਕੀਤਾ। ਮਲਾਇਆ ਵੱਲੋਂ ਉੱਠੀ 'Black Current' ਨਾਮੀ ਸਮੁੰਦਰੀ ਲਹਿਰ ਦੱਖਣੀ ਤੇ ਪੂਰਬੀ ਜਪਾਨ ਦੇ ਜਲਵਾਯੂ ਨੂੰ ਅਤਿ ਦੀ ਠੰਢ ਤੋਂ ਬਚਾਉਂਦੀ ਹੈ। ਫਲਸਰੂਪ ਇਹ ਪਾਸਾ ਮੱਛੀ ਉਦਯੋਗ ਲਈ ਠੀਕ ਹੈ। ਇਸ ਕਰਕੇ ਜਪਾਨ ਦਾ ਇਸ ਪਾਸੇ ਸੰਯੁਕਤ ਰਾਜ ਅਮਰੀਕਾ (U.S.A.) ਨਾਲ ਮੱਛੀਆਂ ਫੜਨ ਦੇ ਮੁੱਦੇ ਤੇ ਝਗੜਾ ਰਿਹਾ ਕਿਉਂਕਿ ਅਮਰੀਕਾ ਆਪਣੇ ਰਾਜ ਕੈਲੇਫੋਰਨੀਆਂ ਰਾਹੀਂ ਮੱਛੀ ਧੰਦੇ ਲਈ ਮਸ਼ਹੂਰ ਹੈ। ਪੈਰੀ ਮਿਸ਼ਨ ਦੇ ਕੰਮਾਂ ਵਿਚ ਸਮੁੰਦਰ ਵਿਚੋਂ ਮੱਛੀਆਂ ਫੜ੍ਹਨ ਲਈ ਅਮਰੀਕਾ ਤੇ ਜਪਾਨ ਦੀ ਸਰਹੱਦ ਨਿਸ਼ਚਿਤ ਕਰਨਾ ਵੀ ਸ਼ਾਮਲ ਸੀ।

## ਭੂਮੀ :

ਜਪਾਨ ਦੀ ਭੂਮੀ ਉਪਜਾਊ ਨਹੀਂ, ਨਾ ਹੀ ਕੋਈ ਵੱਡਾ ਦਰਿਆ ਹੈ। ਜ਼ਮੀਨ ਲਾਵੇ ਤੋਂ ਬਣੀਆਂ ਸਖਤ ਕਾਲੀਆਂ ਚਟਾਨਾਂ ਤੋਂ ਬਣੀ ਹੋਈ ਹੈ। ਖੁੱਲ੍ਹੇ ਮੈਦਾਨਾਂ ਵਰਗੀ ਕੋਈ ਚੀਜ ਨਹੀਂ। ਚਾਵਲ ਮੁੱਖ ਖੁਰਾਕ ਸੀ, ਪਰੰਤੂ ਵਧਦੀ ਅਬਾਦੀ ਕਾਰਨ ਚਾਵਲ ਦੀ ਮੰਗ ਦੇਸ਼ ਵਿਚ ਪੂਰੀ ਨਹੀਂ ਹੋ ਸਕਦੀ ਸੀ। ਜਪਾਨ ਵੱਲੋਂ ਕੋਰੀਆ ਤੇ ਉੱਤਰੀ ਚੀਨ ਉੱਪਰ ਹਮਲਿਆਂ ਦਾ ਇਕ ਕਾਰਣ ਚਾਵਲ-ਭੂਮੀ ਦੀ ਤਲਾਸ਼ ਸੀ।

## ਰਾਜਨੀਤਕ ਸੰਸਥਾਵਾਂ :

ਰਾਜਨੀਤਕ ਤੌਰ ਤੇ ਜਪਾਨ ਦੀਆਂ 4 ਰਾਜਨੀਤਕ ਸੰਸਥਾਵਾਂ ਦਾ ਜਿਕਰ ਜਰੂਰੀ ਹੈ। ਇਹ ਸਨ:

## (1) ਬਾਦਸ਼ਾਹ (Emperor) :

ਜਪਾਨੀ ਬਾਦਸ਼ਾਹ ਜਪਾਨੀ ਸਰਕਾਰ ਤੇ ਰਾਜ ਪ੍ਰਬੰਧ ਦੀ ਪਹਿਲੀ ਤੇ ਸਿਖਰਲੀ 'ਪਰਛਾਈ ਸ਼ਕਤੀ' ਜਾਂ shadowy-figure ਸੀ। ਲੋਕ ਉਸ ਨੂੰ ਪਰਮਾਤਮਾ ਦਾ ਰੂਪ ਮੰਨਦੇ ਸਨ ਪਰੰਤੂ ਉਸ ਦਾ ਮਹਿਲ ਨਿਵੇਕਲਾ ਸੀ। ਰਾਜਧਾਨੀ ਨਾਲ ਉਸਦਾ ਵਾਸਤਾ ਨਹੀਂ ਸੀ ਅਤੇ ਨਾ ਹੀ ਉਹ ਸਰਕਾਰ ਦੇ ਹਰ ਰੋਜ ਦੇ ਕੰਮ-ਕਾਜ ਵਿਚ ਕੋਈ ਭੂਮਿਕਾ ਨਿਭਾਉਂਦਾ ਸੀ। ਉਸ ਦੀ ਰਿਹਾਇਸ਼ ਨੂੰ Kyoto ਆਖਦੇ ਸਨ।

## (2) ਸ਼ੋਗਨ (Shogun) :

ਸ਼ੋਗਨ ਜਪਾਨੀ ਫੌਜੀ ਜਮਾਤ ਦਾ ਮੁੱਖੀ ਸੀ। ਉਸ ਦਾ ਹੈਡਕੁਆਟਰ Yedo ਅਖਵਾਉਂਦਾ ਸੀ। ਇਹ ਹੀ ਜਪਾਨ ਦੀ ਅਸਲੀ ਰਾਜਧਾਨੀ ਸੀ। ਜਪਾਨ ਦੀ ਸੁਰੱਖਿਆ ਉਸ ਦੇ ਮੁੱਖ ਕੰਮ ਸੀ। ਉਹ ਬਾਦਸ਼ਾਹ ਵੱਲੋਂ ਨਿਯੁਕਤ ਹੁੰਦਾ ਸੀ ਪਰ 17ਵੀਂ ਸਦੀ ਤੋਂ ਹੀ ਇਹ ਅਹੁਦਾ ਖਾਨਦਾਨੀ ਹੋ ਗਿਆ ਸੀ ਤੇ 1603 ਈ. ਤੋਂ 1868 ਈ. ਤੱਕ Tokugawa ਖਾਨਦਾਨ ਹੀ ਸ਼ੋਗੁਨੇਟ ਨੂੰ ਚਲਾਉਂਦਾ ਰਿਹਾ। ਵਿਦੇਸ਼ੀਆਂ ਦੀ ਆਮਦ ਨੇ ਉਸ ਦੀ ਸਥਿਤੀ ਕਮਜ਼ੋਰ ਕੀਤੀ।

## (3) ਦਮਿਉ (Daimyos) :

ਸ਼ੋਗਨ ਦੀ ਵੀ ਆਪਣੀ ਸ਼ਕਤੀ ਨਹੀਂ ਸੀ। ਉਹ ਜਪਾਨ ਦੀ ਦੂਸਰੀ 'ਪਰਛਾਈ ਸ਼ਕਤੀ' ਸੀ। ਜਪਾਨੀ ਰਾਜਨੀਤੀ ਮੱਧਕਾਲ ਤੋਂ ਹੀ ਫੌਜੀ ਤਰਜ ਦੀ ਸੀ ਅਤੇ ਦੋ ਫੌਜੀ ਸੰਸਥਾਵਾਂ ਰਾਜਨੀਤਕ ਸ਼ਕਤੀ ਦਾ ਸੋਮਾ ਸਨ। ਇਹ ਸਨ (1) ਦਮਿਉ ਜਾਂ ਫੌਜੀ ਸਰਦਾਰ ਜਿਹੜੇ ਕਿ ਇਲਾਕਾਈ ਚੀਫ਼ ਜਾਂ ਜਮੀਂਦਾਰ (territorial chiefs) ਵੀ ਸਨ। (2) ਫੌਜੀ ਜਮਾਤ ਜਾਂ ਵਰਗ ਸੀ ਜਿਨ੍ਹਾਂ ਨੂੰ ਸਮੂਰਾਏ (Samurai) ਆਖਦੇ ਸਨ।

ਦਮਿਉ ਦੀ ਦੂਸਰੀ ਕਿਸਮ ਨੂੰ ਤੋਜਾਮਾ (Tozama) ਆਖਦੇ ਸਨ। ਇਹ ਉਹ ਸ਼੍ਰੇਣੀ ਸੀ ਜਿਸ ਨੇ Toku gawa ਸ਼ੋਗਨ ਦੀ ਸਥਾਪਨਾ ਵੇਲੇ (1603 ਈ.) ਉਸ ਦਾ ਪੂਰਾ ਸਾਥ ਨਹੀਂ ਦਿੱਤਾ ਸੀ। ਇਨ੍ਹਾਂ ਨੂੰ ਬਾਹਰੀ ਜਾਂ ਉੱਪਰੇ ਦਮਿਉ ਆਖਿਆ ਜਾਂਦਾ ਸੀ। ਇਨ੍ਹਾਂ ਪਾਸ ਜਪਾਨ ਦੀ ਚਾਵਲ ਪੈਦਾ ਕਰਨ ਵਾਲੀ ਭੂਮੀ (Rice Lands) ਦਾ 50% ਹਿੱਸਾ ਸੀ। ਪਰੰਤੂ ਰਾਜਸੀ ਸਤਿਕਾਰ ਤੇ ਇਤਬਾਰ ਘੱਟ ਸੀ।

ਸਾਰੀ ਦਮਿਉ ਜਮਾਤ ਕਬੀਲਿਆਂ ਅਤੇ ਇਲਾਕਿਆਂ ਵਿਚ ਵੰਡੀ ਹੋਈ ਸੀ। ਇਨ੍ਹਾਂ ਫੌਜੀ ਸਰਦਾਰਾਂ ਨੂੰ ਕੰਟਰੋਲ ਵਿਚ ਰੱਖਣ ਲਈ ਹਰ ਦਮਿਉ ਨੂੰ ਸਾਲ ਵਿਚੋਂ ਕੁਝ ਮਹੀਨੇ ਸ਼ੋਗਨ ਦੇ ਹੈਡਕੁਆਟਰ (Yedo) ਹਾਜ਼ਰ ਰਹਿਣਾ ਪੈਂਦਾ ਸੀ ਅਤੇ ਇਨ੍ਹਾਂ ਦਾ ਪਰਿਵਾਰ ਜਾਂ ਇਸ ਦਾ ਪ੍ਰਤੀਨਿਧ ਯੈਦੋ ਵਿਖੇ ਬਤੌਰ ਜਿਰਗਮਾਲ ਜਾਂ Hostage ਰੱਖਿਆ ਜਾਂਦਾ ਸੀ।

ਸਮੂਰਾਏ ਲੜਾਕੂ ਜਮਾਤ ਸੀ, ਪਰੰਤੂ ਗਿਆਨ ਤੇ ਸਿੱਖਿਆ ਵਿਚ ਨਿਪੁੰਨ ਸੀ। ਚੀਨੀ ਅਤੇ ਡੱਚ ਭਾਸ਼ਾਵਾਂ ਰਾਹੀਂ ਇਹ ਵਰਗ ਦੁਨੀਆਂ ਵਿਚ ਵਾਪਰਨ ਵਾਲੀ ਹਰ ਘਟਨਾ ਤੇ ਆ ਰਹੇ ਨਵੇਂ ਵਿਚਾਰਾਂ ਦੀ ਖਬਰ ਰੱਖਦਾ ਸੀ। ਯੁੱਧ ਕਲਾ ਅਤੇ ਜੰਗੀ ਤਕਨੀਕਾਂ ਵਿਚ ਇਸ ਜਮਾਤ ਦੀ ਖਾਸੀ ਦਿਲਚਸਪੀ ਰਹਿੰਦੀ ਸੀ। ਚੀਨੀਆਂ ਤੋਂ ਪਿੱਛੋਂ ਡੱਚ ਦੂਸਰੀ ਵਿਦੇਸ਼ੀ ਸ਼ਕਤੀ ਸੀ ਜਿਸਦਾ 1853 ਈ. ਤੋਂ ਪਹਿਲਾਂ ਦੇ ਜਪਾਨ ਉੱਪਰ ਸਭ ਤੋਂ ਵੱਧ ਪ੍ਰਭਾਵ ਸੀ। ਡੱਚ ਨਾਗਾਸਾਕੀ ਵਿਚ ਪ੍ਰਭਾਵਸ਼ਾਲੀ ਸਨ।

ਥੋੜੀ ਤੇ ਗੈਰ-ਉਪਜਾਊ ਭੂਮੀ ਕਾਰਨ ਜਪਾਨੀ ਪੇਂਡੂ ਵਸੋਂ ਦਾ ਵੱਡਾ ਹਿੱਸਾ ਸਮੂਰਾਏ ਵਿਚ ਸ਼ਾਮਲ ਹੋਣ ਲਈ ਤਿਆਰ ਰਹਿੰਦਾ ਸੀ। ਦਮਿਉ ਤੇ ਕਬੀਲਿਆਂ ਦੇ ਮੁੱਖੀ ਬਾਹਰੀ ਦੁਸ਼ਮਣ ਦੀ ਗੈਰ-ਹਾਜ਼ਰੀ ਵਿਚ ਆਪਸ ਵਿਚ ਉਪਜਾਊ ਭੂਮੀ ਲਈ ਲੜਦੇ ਰਹਿੰਦੇ ਸਨ। ਇੰਝ ਕਰਕੇ ਉਹ ਸਮੂਰਾਏ ਦਾ ਉਪਯੋਗ ਤੇ ਦੁਰ-ਉਪਯੋਗ ਕਰਦੇ ਸਨ। ਠੀਕ ਇਸੇ ਕਾਰਨ ਯੁੱਧ ਜਪਾਨੀ ਵਸੋਂ ਦਾ ਸੁਭਾਅ ਤੇ ਸਭਿਆਚਾਰ ਦਾ ਅੰਗ ਜਾਂ ਤੱਤ ਬਣ ਗਿਆ ਸੀ।

## ਫੌਜੀ ਵਰਗ ਤੇ ਵਿਦੇਸ਼ੀ :

ਦਮਿਉ ਅਤੇ ਸਮੂਰਾਏ ਲਈ ਯੁੱਧ ਅਤੇ ਵਫ਼ਾਦਾਰੀ ਇਕ ਧੰਦਾ (business) ਸੀ। ਇਸ ਕਰਕੇ ਸ਼ੋਗਨ ਦੀ ਸੰਸਥਾ ਕਮਜ਼ੋਰ ਸੀ। ਸ਼ੋਗਨ ਦੀ ਸ਼ਕਤੀ ਉਸ ਦੀ ਸ਼ਖ਼ਸੀਅਤ ਤੇ ਨਿਰਭਰ ਕਰਦੀ ਸੀ। ਜਪਾਨ ਦਾ ਫੌਜੀ ਵਰਗ ਬਾਹਰਲੇ ਵਿਚਾਰਾਂ ਦਾ ਵਿਰੋਧੀ ਨਹੀਂ ਸੀ। ਇਸ ਕਰਕੇ ਜਪਾਨ ਉੱਪਰ ਪਹਿਲਾਂ ਚੀਨੀ ਤੇ ਫਿਰ ਡੱਚ ਪ੍ਰਭਾਵ ਪਿਆ।

ਡੱਚ ਤੇ ਹੋਰ ਵਿਦੇਸ਼ੀ ਭਾਸ਼ਾਵਾਂ ਤੇ ਸਾਹਿਤ ਰਾਹੀਂ ਜਪਾਨੀ ਆਪਣੇ ਪ੍ਰਾਚੀਨ ਕਾਲ ਵੱਲ ਮੁੜੇ। ਉਨ੍ਹਾਂ ਦੀ ਬੁੱਧ ਧਰਮ ਨਾਲੋਂ ਸ਼ਿੰਟੋ (Shinto) ਮਤ ਵਿਚ ਦਿਲਚਸਪੀ ਵਧੀ। ਬੁੱਧ ਧਰਮ ਅਤੇ ਸ਼ੋਗਨ ਦੀ ਸ਼ਨਾਖਤ ਚੀਨੀ ਸੰਸਕ੍ਰਿਤੀ ਨਾਲ ਹੋਣ ਲੱਗੀ। ਯੂਰਪੀਨ ਪ੍ਰਭਾਵ ਥੱਲੇ ਗਏ ਦਮਿਉ ਤੇ ਸਮੂਰਾਏ ਮਹਿਸੂਸ ਕਰਨ ਲੱਗੇ ਕਿ ਸ਼ੋਗਨ ਨੇ ਬਾਦਸ਼ਾਹ ਦੀਆਂ ਸ਼ਕਤੀਆਂ ਖੋਹੀਆਂ ਸਨ ਅਤੇ ਇਹ ਵਰਤਾਰਾ ਜਪਾਨੀ ਖ਼ਾਸ ਕਰਕੇ ਪ੍ਰਾਚੀਨ ਜਾਂ ਅਸਲੀ ਜਪਾਨੀ ਪਰੰਪਰਾ ਅਨੁਸਾਰ ਨਹੀਂ ਸੀ। ਹੌਲੀ ਹੌਲੀ ਚੀਨ ਵਿਰੋਧੀ ਜਪਾਨੀ ਸੁਧਾਰਵਾਦੀ ਅਤੇ ਬੁੱਧੀਜੀਵੀ ਮੰਗ ਕਰਨ ਲੱਗੇ ਕਿ ਬਾਦਸ਼ਾਹ ਨੂੰ ਜਪਾਨੀ ਰਾਜਨੀਤੀ ਤੇ ਰਾਜ ਪ੍ਰਬੰਧ ਦੇ ਕੇਂਦਰ ਵਿਚ ਵਾਪਸ ਲਿਆਂਦਾ ਜਾਵੇ।

ਸ਼ੋਗਨ ਦੇ ਮੁਕਾਬਲੇ ਬਾਦਸ਼ਾਹ ਦੀ ਸਥਿਤੀ ਵਿਦੇਸ਼ੀਆਂ ਦੇ ਆਉਣ ਕਾਰਨ ਇਸ ਕਰਕੇ ਵੀ ਮਜ਼ਬੂਤ ਹੋਈ ਕਿਉਂਕਿ ਵਿਦੇਸ਼ੀ ਸ਼ੋਗਨ ਨੂੰ ਮਾਤ ਪਾ ਕੇ ਹੀ ਜਪਾਨ ਵਿਚ ਦਾਖ਼ਲ ਹੁੰਦੇ ਸਨ। ਵਿਦੇਸ਼ੀ ਖਤਰੇ ਦਾ ਮੁਕਾਬਲਾ ਕਰਨ ਦੀ ਥਾਂ ਸ਼ੋਗਨ ਜਾਂ ਤਾਂ ਬਾਦਸ਼ਾਹ ਤੋਂ ਸਲਾਹ-ਮਸ਼ਵਰਾ ਲੈਂਦਾ ਸੀ ਜਾਂ ਦਮਿਉ ਪਾਸੋ। ਜਪਾਨ ਦੀ ਸੁਰੱਖਿਆ ਤੇ ਵਿਦੇਸ਼ੀ ਮਾਮਲਿਆਂ ਦਾ ਭਾਰ ਦਮਿਉ ਤੇ ਸ਼ੋਗਨ, ਬਾਦਸ਼ਾਹ ਉੱਪਰ ਸੁੱਟ ਦਿੰਦੇ ਸਨ। ਇਸ ਕਰਕੇ ਵਿਦੇਸ਼ੀ ਬਾਦਸ਼ਾਹ ਨਾਲ ਸਿੱਧਾ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰਦੇ ਸਨ। ਇੰਝ ਕਰਕੇ ਉਹ ਸ਼ੋਗਨ ਦੀ ਸੰਸਥਾ ਨੂੰ ਢਾਹ ਵੀ ਲਾਉਂਦੇ ਸਨ ਤੇ ਜਪਾਨੀ ਲੋਕਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਵੀ ਕਰਦੇ ਸਨ ਕਿਉਂਕਿ ਆਮ ਜਪਾਨੀ ਬਾਦਸ਼ਾਹ ਦਾ ਸਤਿਕਾਰ ਕਰਦਾ ਸੀ।

ਉੱਪਰ ਦੱਸੇ ਗਏ ਕਾਰਨਾਂ ਕਰਕੇ ਵਿਦੇਸ਼ੀਆਂ ਨੂੰ ਜਪਾਨ ਵਿਚ ਦਾਖ਼ਲ ਹੋਣ ਲਈ ਉਸ ਕਿਸਮ ਦੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਜਿਸ ਦਾ ਉਨ੍ਹਾਂ ਨੇ ਚੀਨ ਵਿਚ ਕੀਤਾ।

## ਵਪਾਰੀ ਵਰਗ ਤੇ ਵਿਦੇਸ਼ੀ :

ਜਪਾਨੀ ਵਸੋਂ ਦਾ ਵੱਡਾ ਹਿੱਸਾ ਖੇਤੀ, ਮੱਛੀਆਂ ਪਾਲਣ ਅਤੇ ਯੁੱਧ ਉੱਪਰ ਜਿਉਂਦਾ ਸੀ। ਕਲਾ ਦਾ ਭਾਵ ਸੀ ਯੁੱਧ ਕਲਾ ਜਾਂ ਤਲਵਾਰਬਾਜ਼ੀ। ਫਿਰ ਵੀ ਜਪਾਨ ਦੇ ਆਰਟਿਸਟ ਤੇ ਕਾਮੇ (artisans) ਦੁਨੀਆਂ ਭਰ ਵਿਚ ਜਾਣੇ ਜਾਂਦੇ ਸਨ। ਚੀਨ ਦੇ ਮੁਕਾਬਲੇ ਜਪਾਨੀ ਕਾਰਖਾਨੇਦਾਰਾਂ ਦੇ ਸੰਗਠਨ (Trade and Manufacturing guilds) ਕਾਫ਼ੀ ਕਮਜ਼ੋਰ ਸਨ। ਭਾਵੇਂ ਕਿ Tokugawa ਕਾਲ (1603-1868 ਈ.)

ਵਿਚ ਲੰਮੀ ਸ਼ਾਂਤੀ ਕਾਰਨ ਅਨੇਕਾਂ ਨਵੇਂ ਸ਼ਹਿਰ ਹੋਂਦ ਵਿਚ ਆਏ – ਜਿਵੇਂ ਕਿ ਯੇਦੋ, ਸਕਾਈ (Sakai), ਕਿਆਟੋ (Kyoto), ਔਸਾਕਾ (Osaka) ਅਤੇ ਨਾਗਾਸਾਕੀ (Nagasaki)।

ਜਪਾਨੀ ਵਪਾਰੀ ਵਰਗ ਦੀ ਦੂਸਰੀ ਕਮਜ਼ੋਰੀ ਇਸ ਦਾ ਵਰਗ ਵਜੋਂ ਨੀਵਾਂ ਚਰਿੱਤਰ ਸੀ। ਜਪਾਨ ਤੋਂ ਬਾਹਰ ਉਨ੍ਹਾਂ ਨੂੰ ਬੇਈਮਾਨ ਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਹਾਲਾਂਕਿ ਉਨ੍ਹਾਂ ਵਿਚ ਵੀ ਕੁੱਝ ਇਮਾਨਦਾਰ ਵਿਅਕਤੀ ਸ਼ਾਮਲ ਸਨ। ਜਪਾਨ ਵਿਚ ਹੋਈ ਤਰੱਕੀ ਅਤੇ ਸ਼ਹਿਰੀਕਰਨ ਨੇ ਵਪਾਰੀਆਂ ਦੀ ਮਹੱਤਤਾ ਵਧਾ ਦਿੱਤੀ ਸੀ ਕਿਉਂਕਿ ਸ਼ੋਗਨ ਦੀਆਂ ਸਰਕਾਰੀ ਸਕੀਮਾਂ ਜਿਵੇਂ ਕਿ ਕਿਲ੍ਹੇ ਜਾਂ ਮੰਦਰ ਬਣਾਉਣ ਲਈ ਨਕਦ ਪੈਸੇ ਦੀ ਜ਼ਰੂਰਤ ਸੀ ਜਿਹੜੀ ਕਿ ਕੇਵਲ ਸ਼ਾਹੂਕਾਰ ਹੀ ਨਕਦੀ ਰਾਹੀਂ ਪੂਰੀ ਕਰਦੇ ਸਨ।

ਜਪਾਨੀ ਸ਼ਾਹੂਕਾਰਾਂ ਤੇ ਵਪਾਰੀਆਂ ਦੀ ਤੀਸਰੀ ਵਿਸ਼ੇਸ਼ਤਾ ਇਹ ਸੀ ਕਿ ਆਪਣੀ ਪ੍ਰਸਿੱਧੀ ਲਈ ਉਹ ਸਰਕਾਰੀ ਨੌਕਰੀਆਂ ਤੇ ਰਾਜ-ਪ੍ਰਬੰਧ ਵਿਚ ਘੁਸਪੈਠ ਕਰਦੇ ਸਨ ਤਾਂ ਕਿ ਸਮਾਜ ਵਿਚ ਇਹ ਵੀ ਸਮੂਰਾਏ ਵਾਲਾ ਦਰਜਾ ਜਾਂ ਅਕਸ ਹਾਸਲ ਕਰ ਸਕਣ। ਵਪਾਰੀ ਆਪਣੇ ਕਰਜ਼ੇ ਮਾਰੇ ਦਮਿਉ ਤੇ ਸਮੂਰਾਏ ਦੇ ਪਰਿਵਾਰਾਂ ਨਾਲ ਵਿਆਹ ਸ਼ਾਦੀ ਦੇ ਸੰਬੰਧ ਬਣਾਉਂਦੇ ਸਨ ਜਾਂ ਫਿਰ ਬੇਔਲਾਦ ਘਰਾਂ ਨੂੰ ਆਪਣੇ ਪੁੱਤਰ ਮੁਤਬੰਨਾ ਬਣਾਉਣ ਲਈ ਭੇਜ ਦਿੰਦੇ ਸਨ। ਇਸ ਤਰ੍ਹਾਂ ਜਪਾਨੀ ਸਮਾਜ ਵਿਚ ਪੈਸੇ ਦਾ ਬੋਲਬਾਲਾ ਹੋ ਰਿਹਾ ਸੀ। ਇਹ Money Economy ਦਾ ਵਿਕਾਸ ਸੀ। 1700 ਈ. ਤੱਕ ਜਪਾਨੀ ਵਪਾਰੀ ਨੂੰ ਜਪਾਨੀ ਰਾਜ (State) ਅਤੇ ਫੌਜੀ ਵਰਗ (Military Caste) ਵਿਚ ਅਹਿਮ ਸਥਾਨ ਹਾਸਲ ਹੋ ਚੁੱਕਿਆ ਸੀ।

ਸਮੂਰਾਏ ਦੇ ਮੁਕਾਬਲੇ ਮਜ਼ਬੂਤ ਹੋ ਰਿਹਾ ਵਪਾਰੀ ਵਰਗ ਜਪਾਨੀ ਸਮਾਜ ਵਿਚ ਵਾਪਰ ਰਹੀ ਕ੍ਰਾਂਤੀਕਾਰੀ ਘਟਨਾ ਸੀ, ਕਿਉਂਕਿ ਇਸ ਕ੍ਰਾਂਤੀ ਨੇ – ਜਿਹੜੀ ਕਿ ਚੁੱਪ ਚਾਪ ਵਾਪਰ ਰਹੀ ਸੀ – ਹੀ ਮੱਧਕਾਲੀ ਜਪਾਨੀ ਰਾਜਨੀਤੀ ਨੂੰ ਤੋੜਿਆ। ਠੀਕ ਇਸ ਅੰਦਰੂਨੀ ਧਮਾਕੇ ਕਾਰਨ ਹੀ ਜਪਾਨ ਦਾ ਦੋ ਸਦੀਆਂ ਪੁਰਾਣਾ ਇਕਾਂਤਵਾਸ ਖਤਮ ਹੋਇਆ। ਜਦੋਂ ਉਹ ਬਾਹਰਲੇ ਦੇਸ਼ਾਂ ਨਾਲ ਵਪਾਰਕ ਤੇ ਰਾਜਨੀਤਕ ਸੰਬੰਧ ਸਥਾਪਤ ਕਰਨ ਲੱਗਿਆ। ਜਪਾਨੀ ਵਪਾਰੀ ਬਾਹਰਮੁਖੀ ਸੀ ਤੇ ਉਸ ਨੇ ਵਿਦੇਸ਼ੀਆਂ ਨੂੰ ਦੇਸ਼ ਅੰਦਰ 'ਜੀ ਆਇਆਂ' ਕਹਿਣ ਵਾਲੀਆਂ ਸ਼ਕਤੀਆਂ ਦਾ ਸਾਥ ਦਿੱਤਾ।

**ਤੁਹਾਡੇ ਧਿਆਨਯੋਗ ਅਹਿਮ ਨੁਕਤੇ ਅਤੇ ਪ੍ਰਸ਼ਨ :**

(1) 1853 ਈ., 1868 ਈ., 1894 ਈ. ਅਤੇ 1937 ਈ. ਨੂੰ ਜਪਾਨੀ ਇਤਿਹਾਸ ਦੀਆਂ ਅਤਿਅੰਤ ਮਹੱਤਵਪੂਰਣ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ ਦੀ ਸੂਚੀ ਬਣਾਓ।

(2) ਚੀਨ ਤੇ ਜਪਾਨ ਦੇ ਖੁਲ੍ਹਣ ਵਿਚ ਅੰਤਰ ਸੀ। ਇਹ ਅੰਤਰ ਕੀ ਸੀ ? ਇਸ ਦੇ ਕਾਰਨਾਂ ਦੀ ਪੜਤਾਲ ਤੁਹਾਨੂੰ ਸਮੁੱਚੇ ਜਪਾਨੀ ਵਿਕਾਸ ਤੇ ਇਤਿਹਾਸ ਨੂੰ ਸਮਝਣ ਵਿਚ ਮਦਦਗਾਰ ਹੋਵੇਗੀ। ਕਾਰਨਾਂ ਦੀ ਘੋਖ ਕਰੋ।

(3) ਬਲੈਕ ਕਰੰਟ ਕੀ ਹੈ ? ਇਹ ਜਪਾਨ ਤੇ ਅਮਰੀਕਾ ਦੇ ਸੰਬੰਧਾਂ ਨੂੰ ਕਿਵੇਂ ਪਰਿਭਾਸ਼ਤ ਕਰਦਾ ਸੀ?

(4) ਜਪਾਨ ਦੀ ਅਸਲ ਰਾਜਧਾਨੀ ਕਿਆਟੋ ਨਹੀਂ ਯੇਦੋ ਸੀ। ਸ਼ੋਗਨ ਦਮਿਉ ਨੂੰ ਕਿਵੇਂ ਕੰਟਰੋਲ ਕਰਦਾ ਸੀ ?

(5) ਸ਼ੋਗਨ ਲਗਾਤਾਰ ਕਮਜ਼ੋਰ ਹੋ ਰਿਹਾ ਸੀ। 1868 ਈ. ਨੂੰ ਇਹ ਤੋੜ ਦਿੱਤਾ ਗਿਆ। ਵਿਦੇਸ਼ੀਆਂ ਨੇ ਸ਼ੋਗਨ ਨੂੰ ਕਮਜ਼ੋਰ ਕੀਤਾ। ਉਨ੍ਹਾਂ ਨੇ ਇਸ ਲਈ ਕਿਹੜੇ ਸਾਧਨ ਅਪਣਾਏ ?

(6) ਡੱਚ ਕਿਵੇਂ ਤੇ ਕਿਹੜੇ ਸ਼ਹਿਰ ਵਿਚ ਪ੍ਰਭਾਵਸ਼ਾਲੀ ਸਨ ?

(7) ਜਪਾਨੀ ਵਪਾਰੀ ਵਰਗ ਅਤੇ ਇਸ ਦਾ ਕਿਰਦਾਰ ਬਦਲ ਰਿਹਾ ਸੀ। ਇਹ ਪਰਿਵਰਤਨ ਕ੍ਰਾਂਤੀਕਾਰੀ ਸੀ। ਪਰਿਵਰਤਨ ਦੀਆਂ ਵਿਸ਼ੇਸ਼ਤਾਵਾਂ ਤੇ ਨਤੀਜੇ ਦੱਸੋ।

## ਕਮਾਂਡਰ ਪੈਰੀ ਦਾ ਚੜ੍ਹ ਕੇ ਆਉਣਾ (The Expedition of Commandore Perry) :

ਸਰਕਾਰੀ ਤੌਰ ਤੇ ਪੈਰੀ ਦੇ ਆਉਣ ਦੇ ਹੇਠ ਲਿਖੇ ਚਾਰ ਕਾਰਨ ਦੱਸੇ ਗਏ :

1. ਜਪਾਨ ਨਾਲ ਸੰਚਾਰ ਤੇ ਆਵਾਜਾਈ ਦੇ ਸਾਧਨਾਂ ਨੂੰ ਸੁਧਾਰਨਾ।
2. ਵਪਾਰ ਕਰਨ ਤੇ ਵਧਾਉਣ ਦੀ ਅਮਰੀਕਨ ਮਨਸ਼ਾ।
3. ਸਮੁੰਦਰ ਵਿਚ ਚਲਣ ਵਾਲੇ ਜਹਾਜ਼ਾਂ ਤੇ ਉਨ੍ਹਾਂ ਦੇ ਅਮਲੇ ਲਈ ਜਪਾਨੀ ਬੰਦਰਗਾਹਾਂ ਵਿਚ ਹੋਰ ਸਹੂਲਤਾਂ ਤੇ ਸੁੱਖ ਪ੍ਰਾਪਤ ਕਰਨੇ।
4. ਵੇਲ੍ਹ ਮੱਛੀਆਂ ਅਤੇ ਫਰ ਉਦਯੋਗਾਂ ਦਾ ਭਵਿੱਖ ਬੇਹਤਰ ਬਣਾਉਣਾ। ਇਨ੍ਹਾਂ ਕੰਮਾਂ ਵਿਚ ਲੱਗੇ ਵਿਅਕਤੀਆਂ ਦੀ ਸੁਰੱਖਿਆ ਜਪਾਨੀਆਂ ਤੋਂ ਮੰਗੀ ਗਈ।

## ਵਾਧੂ ਕਾਰਨ :

ਅਮਰੀਕਾ ਨੂੰ ਜਪਾਨੀ ਬੰਦਰਗਾਹਾਂ ਵਰਤਣ ਦੀ ਜ਼ਰੂਰਤ ਦੋ ਹੋਰ ਕਾਰਨਾਂ ਕਰਕੇ ਵੀ ਪੈਂਦੀ ਸੀ। ਪਹਿਲਾ ਕਾਰਨ ਸੀ ਕਿ ਅਮਰੀਕਾ ਚੀਨ ਵਿਚ ਹੋਰ ਵਿਦੇਸ਼ੀ ਸ਼ਕਤੀਆਂ ਵਾਂਗ ਦਿਲਚਸਪੀ ਲੈ ਰਿਹਾ ਸੀ ਪਰੰਤੂ ਉਸ ਵਾਸਤੇ ਚੀਨ ਪਹੁੰਚਣ ਲਈ ਰਸਤੇ ਵਿਚ ਰੁਕਣਾ ਜ਼ਰੂਰੀ ਸੀ। ਖ਼ਾਸ ਕਰਕੇ ਫਾਰਮੂਸਾ ਵਿਚ। ਕਿਉਂਕਿ ਉਸ ਦੇ ਸਟਮੀਰਾ ਜਾਂ ਕੋਲੇ-ਭਾਫ਼ ਤੇ ਚੱਲਣ ਵਾਲੇ ਜ਼ਹਾਜਾਂ ਨੂੰ ਕੋਲੇ ਤੇ ਪਾਣੀ ਦੀ ਜ਼ਰੂਰਤ ਪੈਂਦੀ ਸੀ। ਅਮਰੀਕਨਾਂ ਨੇ ਚੀਨ ਅਧੀਨ ਫਾਰਮੂਸਾ ਵਿਚ ਜਬਰਦਸਤੀ ਘੁਸਣ ਦੀ ਥਾਂ ਜਪਾਨ ਕੋਲੋਂ ਕੋਲੇ ਤੇ ਪਾਣੀ ਦੀ ਸਹੂਲਤਾਂ ਲੈਣ ਦਾ ਫੈਸਲਾ ਕੀਤਾ।

ਦੂਸਰਾ ਰੂਸ ਲੰਮੇ ਸਮੇਂ ਤੋਂ ਸੰਘਾਲਿਨ ਤੇ ਕੁਰਾਇਲ ਟਾਪੂਆਂ ਉੱਪਰ ਆਪਣਾ ਹੱਕ ਜਿਤਾ ਰਿਹਾ ਸੀ। 1792 ਅਤੇ 1804 ਈ. ਨੂੰ ਰੂਸ ਨੇ ਦੋ ਮੁਹਿੰਮਾਂ ਜਪਾਨ ਦੀ ਹੋਕੈਡੋ (Hokkaido) ਖਾੜੀ ਵਿਚ ਉਤਾਰੀਆਂ ਸਨ। ਰੂਸ ਦੀ ਤਰ੍ਹਾਂ ਹੀ ਇੰਗਲੈਂਡ ਵੀ ਜਪਾਨ ਨੂੰ ਖੋਲ੍ਹਣ ਦੇ ਯਤਨ ਕਰ ਚੁੱਕਿਆ ਸੀ। 1833 ਤੋਂ 1860 ਈ. ਤੱਕ ਇੰਗਲੈਂਡ ਦਾ ਸਾਰਾ ਧਿਆਨ ਚੀਨ ਵਿਚ ਲੱਗਿਆ ਹੋਇਆ ਸੀ। ਇਸ ਕਰਕੇ ਅਮਰੀਕਾ ਨੇ ਇਸ ਕਾਰਜ ਨੂੰ ਕਰਨ ਦਾ ਫੈਸਲਾ ਕੀਤਾ ਤਾਂ ਕਿ ਇੰਗਲੈਂਡ ਜਾਂ ਫਰਾਂਸ ਇਹ ਪਹਿਲ ਨਾ ਕਰ ਸਕੇ ਸਨ।

## ਅਮਰੀਕਨ ਤਿਆਰੀਆਂ :

ਪੈਰੀ ਮਿਸ਼ਨ ਤੋਂ ਪਹਿਲਾਂ ਵੀ ਅਮਰੀਕਾ ਨੇ ਕਈ ਵਾਰ ਕੋਸ਼ਿਸ਼ ਕੀਤੀ। ਆਖਰ 1849 ਈ. ਨੂੰ ਉਸ ਨੇ ਡੱਚਾਂ ਤੇ ਹੋਰ ਯੂਰਪੀਨ ਸ਼ਕਤੀਆਂ ਨੂੰ ਆਪਣੀ ਇੱਛਾ ਪ੍ਰਗਟ ਕੀਤੀ। ਡੱਚਾਂ ਤੋਂ ਸਹਾਇਤਾ ਤੇ ਜਾਣਕਾਰੀ ਮੰਗੀ ਗਈ।

## ਪੈਰੀ ਦੀਆਂ ਹਦਾਇਤਾਂ :

ਦੁਨੀਆਂ ਨੂੰ ਵਿਖਾਉਣ ਲਈ ਤੇ ਜਪਾਨੀਆਂ ਨੂੰ ਬੁੱਧੂ ਬਣਾਉਣ ਲਈ ਪੈਰੀ ਨੂੰ ਤਿੰਨ ਹਦਾਇਤਾਂ ਦਿੱਤੀਆਂ ਗਈਆਂ। ਇਹ ਸਨ :

(1) ਹਾਦਸਾਗ੍ਰਸਤ ਅਮਰੀਕਨ ਜ਼ਹਾਜਾਂ ਨੂੰ ਜਪਾਨੀ ਸੁਰੱਖਿਆ ਦੇਣਗੇ।

(2) ਅਗਲੇ ਸਫ਼ਰ ਤੇ ਜਾਣ ਵਾਲੇ ਜ਼ਹਾਜਾਂ ਨੂੰ ਜਪਾਨੀ ਕੋਲੇ ਤੇ ਮੁਰੰਮਤ ਦੀਆਂ ਸਹੂਲਤਾਂ ਆਪਣੀਆਂ ਬੰਦਰਗਾਹਾਂ ਉੱਪਰ ਦੇਣਗੇ।

(3) ਵਪਾਰ ਲਈ ਬੰਦਰਗਾਹਾਂ ਖੁਲ੍ਹੀਆਂ ਹੋਣ।

ਪੈਰੀ 24 ਨਵੰਬਰ, 1852 ਨੂੰ ਨਾਰਫੋਕ (Norfolk) ਤੋਂ ਚੱਲਿਆ ਅਤੇ ਉਹ 3 ਜੁਲਾਈ 1853 ਈ. ਨੂੰ ਯੋਕੋਹਾਮਾ ਦੀ ਖਾੜੀ ਵਿਚ ਪਹੁੰਚ ਗਿਆ। ਉਹ ਮਛੇਰਿਆਂ ਦੇ ਪਿੰਡ ਯੂਰਾਗਾ (Uraga) ਉਤਰਿਆ।

## ਪੈਰੀ ਦੀਆਂ ਹੋਰ ਹਦਾਇਤਾਂ :

ਸਰਕਾਰੀ ਹਦਾਇਤਾਂ ਅਨੁਸਾਰ ਪੈਰੀ ਨੇ ਬਿਨਾਂ ਯੁੱਧ ਜਪਾਨ ਵਿਚ ਸਫ਼ਲਤਾ ਹਾਸਲ ਕਰਨੀ ਸੀ। ਇਸ ਲਈ ਜਪਾਨੀਆਂ ਨੂੰ ਸ਼ਾਂਤ ਕਰਨ ਵਾਸਤੇ ਹੇਠ ਲਿਖੀਆਂ ਗੱਲਾਂ ਉਨ੍ਹਾਂ ਨੂੰ ਸਮਝਾਉਣੀਆਂ ਸਨ :

1. ਅਮਰੀਕਾ ਜਪਾਨ ਦਾ ਦੋਸਤ ਬਨਣ ਦੀ ਇੱਛਾ ਰੱਖਦਾ ਹੈ।
2. ਅਮਰੀਕਾ ਸਰਕਾਰ ਇਸਾਈ ਧਰਮ ਦੀ ਰਖਵਾਲੀ ਨਹੀਂ ਤੇ ਉਸ ਦਾ ਜਪਾਨ ਉੱਪਰ ਇਸਾਈ ਮੱਤ ਥੋਪਣ ਦਾ ਕੋਈ ਇਰਾਦਾ ਨਹੀਂ।
3. ਅਮਰੀਕਾ ਸਮੁੱਚੇ ਸ਼ਾਂਤ ਮਹਾਂਸਾਗਰ ਵਿਚ ਸ਼ਾਂਤੀ ਚਾਹੁੰਦਾ ਹੈ।

ਉੱਪਰ ਦਿੱਤੀਆਂ ਹਦਾਇਤਾਂ ਦੇ ਫੇਲ੍ਹ ਹੋਣ ਦੀ ਸੂਰਤ ਵਿਚ ਪੈਰੀ ਨੇ ਜਪਾਨੀਆਂ ਨੂੰ ਸਾਫ਼ ਤੇ ਸਖ਼ਤੀ ਨਾਲ ਦੱਸ ਦੇਣਾ ਸੀ ਕਿ ਅਮਰੀਕਨ ਜ਼ਹਾਜ ਕਿਸੇ ਵੀ ਸੰਕਟ ਸਮੇਂ ਜਿਤਨਾ ਸਮਾਂ ਜ਼ਰੂਰੀ ਹੋਵੇਗਾ ਜਪਾਨ ਵਿਚ ਰੁਕਣਗੇ ਅਤੇ ਉਸ ਸਮੇਂ ਜਪਾਨੀਆਂ ਦਾ ਫਰਜ਼ ਹੋਵੇਗਾ ਕਿ ਉਹ ਅਮਲੇ ਤੇ ਹੋਰ ਅਮਰੀਕਨਾਂ ਨਾਲ ਗੈਰ-ਮਨੁੱਖੀ ਵਤੀਰੇ ਤੋਂ ਬਾਜ ਆਉਣ।

## ਪੈਰੀ ਦੀ ਕੂਟਨੀਤੀ :

ਪੈਰੀ ਨੇ ਫੈਸਲਾ ਕੀਤਾ ਕਿ ਉਹ ਜਪਾਨ ਵਿਚ ਕਿਸੇ ਵੀ ਛੋਟੇ ਜਪਾਨੀ ਅਫ਼ਸਰ ਨਾਲ ਗੱਲਬਾਤ ਨਹੀਂ ਕਰੇਗਾ ਅਤੇ ਨਾ ਹੀ ਗੱਲਬਾਤ ਲਈ ਨਾਗਾਸਾਕੀ ਜਾ ਕੇ ਚੀਨੀ ਜਾਂ ਡੱਚਾਂ ਰਾਹੀਂ ਗੱਲਬਾਤ ਕਰੇਗਾ। ਉਸ ਨੇ ਸਿੱਧਾ ਜਪਾਨੀ ਅਫ਼ਸਰਾਂ ਨੂੰ ਕਿਹਾ ਕਿ ਉਹ ਅਮਰੀਕਨ ਰਾਸ਼ਟਰਪਤੀ ਦਾ ਸੰਦੇਸ਼ ਉਸ ਤੋਂ ਹਾਸਲ ਕਰਨ ਅਤੇ ਆਪਣੇ ਬਾਦਸ਼ਾਹ ਦਾ ਜਵਾਬ ਲੈ ਕੇ ਆਉਣ।

ਪੈਰੀ ਦੀ ਕੂਟਨੀਤੀ ਸਫ਼ਲ ਰਹੀ। ਜਪਾਨੀਆਂ ਨੇ ਉਸ ਦਾ ਸੰਦੇਸ਼ ਲਿਆ ਤੇ ਇਸ ਤੇ ਵਿਚਾਰ ਕਰਨ ਲਈ ਇਕ ਸਾਲ ਦਾ ਸਮਾਂ ਮੰਗਿਆ। ਪੈਰੀ ਨੇ ਇਹ ਸੁਝਾਅ ਮੰਨ ਲਿਆ ਤੇ ਆਪ ਚੀਨੀ ਤੱਟ ਵੱਲ ਚਲਿਆ ਗਿਆ।

## ਰੂਸੀ ਦਖ਼ਲ-ਅੰਦਾਜ਼ੀ :

ਜਿਉਂ ਹੀ ਪੈਰੀ ਯੋਕੋਹਾਮਾ ਤੋਂ ਚਲਿਆ ਤਾਂ ਇਕ ਰੂਸੀ ਮੁਹਿੰਮ ਨਾਗਾਸਾਕੀ ਆ ਉੱਤਰੀ। ਯੋਕੋਹਾਮਾ ਖਾੜੀ ਵਿਚ ਇਸ ਸਮੇਂ ਕਈ ਵਿਦੇਸ਼ੀ ਨੇਵੀਆਂ ਦੇ ਸੁਕੈਡਰਨ ਸਰਗਰਮ ਸਨ - ਫਰਾਂਸ ਦੇ ਖਾਸ ਕਰਕੇ।

## ਪੈਰੀ ਦੀ ਵਾਪਸੀ :

ਪੈਰੀ ਇਕ ਸਾਲ ਤੋਂ ਪਹਿਲਾਂ ਹੀ ਵਾਪਸ ਜਪਾਨ ਆ ਗਿਆ ਕਿਉਂਕਿ ਉਸ ਨੂੰ ਡਰ ਸੀ ਕਿ ਜੇ ਉਹ ਫਰਵਰੀ 1854 ਤੋਂ ਲੇਟ ਹੋ ਗਿਆ ਤਾਂ ਹੋ ਸਕਦਾ ਹੈ ਰੂਸੀ ਤੇ ਫਰਾਂਸੀਸੀ ਉਸ ਨੂੰ ਇੰਝ ਨਾ ਕਰਨ ਦੇਣ।

ਹੁਣ ਪੈਰੀ ਦੂਰ ਤੱਕ ਜਪਾਨੀ ਸਮੁੰਦਰ ਵਿਚ ਗਿਆ ਤੇ ਹਰ ਥਾਂ ਉਸ ਦਾ ਸਵਾਗਤ ਹੋਇਆ। ਛੇਤੀ ਹੀ ਪੈਰੀ ਨੇ ਜਪਾਨੀ ਸਰਕਾਰ ਨਾਲ ਸੰਧੀ ਕੀਤੀ।

## ਸੰਧੀ :

ਪੈਰੀ ਦੁਆਰਾ ਕੀਤੀ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ :

(1) ਨਾਗਾਸਾਕੀ ਤੋਂ ਇਲਾਵਾ ਜਪਾਨ ਦੀਆਂ ਦੋ ਹੋਰ ਬੰਦਰਗਾਹਾਂ ਕੋਲੇ, ਮੁਰੰਮਤ ਤੇ ਹੋਰ ਸਹੂਲਤਾਂ (ਖਾਣ-ਪੀਣ ਪਹਿਨਣ) ਵਾਸਤੇ ਅਮਰੀਕਨਾਂ ਵਾਸਤੇ ਖੁਲ੍ਹੀਆਂ ਹੋਣਗੀਆਂ।

(2) ਜਪਾਨੀ ਸ਼ਹਿਰ ਸ਼ਿਮੋਡਾ (Shimoda) ਵਿਚ ਅਮਰੀਕਾ ਆਪਣਾ ਕੌਨਸਲ ਜਾਂ ਕੂਟਨੀਤਕ ਅਧਿਕਾਰੀ ਰੱਖੇਗਾ।

(3) ਜਪਾਨੀ ਅਮਰੀਕਨਾਂ ਨੂੰ 'ਸਭ ਤੋਂ ਵੱਧ ਨੇੜੇ ਦਾ ਰਾਸ਼ਟਰ' ਦੀ ਉਪਾਧੀ ਤੇ ਵਿਹਾਰ ਦੇਣਗੇ। ਇਸ ਕਰਕੇ ਸੰਕਟਗ੍ਰਸਤ ਅਮਰੀਕੀ ਜ਼ਹਾਜਾਂ ਤੇ ਅਮਲੇ ਦੀ ਰਾਖੀ ਜਪਾਨੀ ਕਰਨਗੇ।

## ਪੈਰੀ ਵਰਗੀਆਂ ਸੰਧੀਆਂ :

ਪੈਰੀ ਨਾਲ ਕੀਤੀ ਸੰਧੀ ਵਰਗੀ ਸੰਧੀ ਇੰਗਲੈਂਡ ਨਾਲ 1854, ਰੂਸ ਨਾਲ 1855 ਅਤੇ ਹਾਲੈਂਡ ਨਾਲ 1855-57 ਤੱਕ ਜਪਾਨ ਨੇ ਕੀਤੀ।

## ਆਪਣਾ ਗਿਆਨ ਪਰਖੋ :

(1) ਅਮਰੀਕਨਾਂ ਨੂੰ ਜਪਾਨੀ ਬੰਦਰਗਾਹਾਂ ਉੱਪਰ ਕਿਸ ਕਿਸਮ ਦੀਆਂ ਸਹੂਲਤਾਂ ਚਾਹੀਦੀਆਂ ਸਨ ?

(2) ਪੈਰੀ ਦੀ ਕੂਟਨੀਤੀ ਕੀ ਸੀ ?

(3) ਪੈਰੀ ਦੀ ਸਫ਼ਲਤਾ ਦੇ ਕੀ ਕਾਰਨ ਸਨ ?

(4) ਰੂਸ ਜਪਾਨ ਦੇ ਕਿਹੜੇ ਟਾਪੂਆਂ ਵਿਚ ਦਿਲਚਸਪੀ ਰੱਖਦਾ ਸੀ।

## ਜਪਾਨ ਤੇ ਪੱਛਮ :

ਪੈਰੀ ਨਾਲ ਹੋਈ ਸੰਧੀ ਅਧੀਨ ਅਮਰੀਕਾ ਨੇ ਆਪਣੇ ਕੂਟਨੀਤੀਵਾਨ ਟਾਊਨਸੈਂਡ ਹੈਰੀਸ (Townsend Harris) ਨੂੰ 1856 ਈ. ਵਿਚ ਜਪਾਨ ਵਿਖੇ ਰਾਜਦੂਤ (Consul) ਨਿਯੁਕਤ ਕੀਤਾ। ਦੋ ਸਾਲ ਹੈਰੀਸ ਜਪਾਨੀਆਂ ਨੂੰ ਸਮਝਾਉਂਦਾ ਰਿਹਾ ਕਿ ਅਮਰੀਕਾ ਨਾਲ ਦੋਸਤੀ ਦੇ ਉਨ੍ਹਾਂ ਨੂੰ ਕੀ ਲਾਭ ਹੋ ਸਕਦੇ ਸਨ। ਉਹ

ਜਪਾਨੀਆਂ ਨੂੰ ਇਹ ਵੀ ਕਹਿੰਦਾ ਸੀ ਕਿ ਜੇ ਉਨ੍ਹਾਂ ਨੇ ਸ਼ਾਂਤੀਪੂਰਵਕ ਤਰੀਕੇ ਨਾਲ ਜਪਾਨ ਦੇ ਵਿਦੇਸ਼ੀ ਸੰਬੰਧ ਨਾ ਬਦਲੇ ਤਾਂ ਫਿਰ ਉਨ੍ਹਾਂ ਨੂੰ ਚੀਨ ਦੀ ਤਰ੍ਹਾਂ ਬਰਤਾਨਵੀ, ਫਰਾਂਸੀਸੀ ਤੇ ਰੂਸੀ ਤੋਪਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚੀਨ ਨਾਲ ਹੋਈਆਂ ਟਾਈਂਟਸਨ ਦੀ ਸੰਧੀਆਂ (1858) ਨੇ ਜਪਾਨੀਆਂ ਨੂੰ ਡਰਾ ਦਿੱਤਾ ਅਤੇ ਉਹ ਹੈਰੀਸ਼ ਦੀ ਕੂਟਨੀਤੀ ਨੂੰ ਸੱਚ ਮੰਨਣ ਲਗ ਪਏ। ਫਲਸਰੂਪ 1858 ਈ. ਵਿਚ ਅਮਰੀਕਾ ਨੇ ਜਪਾਨੀਆਂ ਤੋਂ ਪੰਜ ਹੋਰ ਸਹੂਲਤਾਂ ਹਾਸਲ ਕਰ ਲਈਆਂ।

## ਅਮਰੀਕਾ ਨਾਲ ਨਵੀਂ ਸੰਧੀ :

1858 ਈ. ਦੀ ਸੰਧੀ ਰਾਹੀਂ ਜਪਾਨੀਆਂ ਨੇ ਸਵੀਕਾਰ ਕੀਤਾ ਕਿ :

1. ਜਪਾਨ ਵਿਚ ਅਮਰੀਕਨ ਰਾਜਦੂਤ ਪੱਕੇ ਤੌਰ ਤੇ ਰਹਿ ਸਕੇਗਾ।
2. ਜਪਾਨ ਦੀਆਂ 4 ਹੋਰ ਬੰਦਰਗਾਹਾਂ ਅਮਰੀਕਨਾਂ ਲਈ ਤੇ ਵਪਾਰ ਲਈ ਖੋਲ੍ਹੀਆਂ ਜਾਣਗੀਆਂ।
3. ਅਮਰੀਕਾ ਨੇ ਭਰੋਸਾ ਦਿੱਤਾ ਕਿ ਉਹ ਜਪਾਨ ਉੱਪਰ ਕਿਸੇ ਹੋਰ ਸ਼ਕਤੀ ਦੇ ਦਬਾਅ ਸਮੇਂ ਆਪਣੇ ਵਸੀਲੇ ਜਪਾਨ ਦੇ ਹੱਕ ਵਿਚ ਵਰਤੇਗਾ।
4. ਹੈਰੀਸ ਨੇ ਜਪਾਨੀ ਆਯਾਤ ਤੇ ਨਿਰਯਾਤ ਤੇ ਟੈਰਿਫ਼ ਤਹਿ ਕਰ ਦਿੱਤਾ। ਟੈਰਿਫ਼ ਦੀ ਇਹ ਦਰ ਇੰਗਲੈਂਡ, ਫਰਾਂਸ ਤੇ ਹਾਲੈਂਡ ਵੱਲੋਂ ਦਿੱਤੀ ਜਾਂਦੀ ਚੁੰਗੀ ਤੋਂ ਘੱਟ ਸੀ। ਫਲਸਰੂਪ ਅਮਰੀਕਨ ਵਪਾਰ ਨੂੰ ਤਾਂ ਫਾਇਦਾ ਹੋਇਆ ਪਰੰਤੂ ਜਪਾਨ ਦੀ ਆਮਦਨ ਘਟ ਗਈ। ਕਿਉਂਕਿ ਬਾਕੀ ਦੇਸ਼ਾਂ ਨੇ ਵੀ ਅਮਰੀਕਾ ਦੀ ਨਕਲ ਕਰਦਿਆਂ ਟੈਰਿਫ਼ ਘਟਾ ਦਿੱਤੇ।
5. ਜਪਾਨ ਨੇ right to extraterritorialty ਸਵੀਕਾਰ ਕਰ ਲਿਆ।

## ਪੈਰੀ ਤੇ ਹੈਰੀਸ਼ ਮਿਸ਼ਨਾਂ ਦਾ ਜਪਾਨ ਦੀ ਅੰਦਰੂਨੀ ਨੀਤੀ ਤੇ ਪ੍ਰਭਾਵ (The Internal Effects of the Perry and Harris Missions) :

ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਵਿਦੇਸ਼ੀ ਦਬਾਉ ਸ਼ੋਗਨ ਦੀ ਸਥਿਤੀ ਲਈ ਸੰਕਟਮਈ ਸੀ। ਵਿਦੇਸ਼ੀ ਸ਼ਕਤੀਆਂ ਸ਼ੋਗਨ ਨੂੰ ਸਮਾਪਤ ਕਰਨ ਤੇ ਲੱਗੀਆਂ ਸਨ। ਇਸ ਕੰਮ ਵਿਚ ਜਪਾਨੀ ਬਾਦਸ਼ਾਹ ਅਤੇ ਸਮੂਰਾਏ ਦਾ ਕੁਝ ਹਿੱਸਾ ਵਿਦੇਸ਼ੀਆਂ ਦੇ ਹੱਥਾਂ ਵਿਚ ਖੇਡ ਰਹੇ ਸਨ। ਪੈਰੀ ਵੱਲੋਂ ਪੇਸ਼ ਸ਼ਰਤਾਂ ਦਮਿਉ ਦੇ ਵੱਡੇ ਹਿੱਸੇ ਨੇ ਠੁਕਰਾ ਦਿੱਤੀਆਂ ਸਨ ਪਰੰਤੂ ਸ਼ੋਗਨ ਨੂੰ ਪਤਾ ਸੀ ਕਿ ਜਪਾਨੀ ਅਮਰੀਕਨਾਂ ਨਾਲ ਯੁੱਧ ਨਹੀਂ ਕਰ ਸਕਦੇ। ਇਸ ਕਰਕੇ ਸ਼ੋਗਨ ਨੇ ਪੈਰੀ ਦੀ ਸ਼ਰਤਾਂ ਮੰਨਣ ਦਾ ਫੈਸਲਾ ਕੀਤਾ। ਪਰੰਤੂ ਸ਼ੋਗਨ ਲਈ ਇਹ ਅੱਕ ਚੱਬਣ ਸਮਾਨ ਸੀ - ਕਹਾਵਤ ਹੈ 'ਮਰਦਾ ਕੀ ਨਾ ਕਰਦਾ'। ਪਰੰਤੂ ਇੰਝ ਕਰਕੇ ਸ਼ੋਗਨ ਨੇ ਆਪਣੀ ਕਬਰ ਪੁੱਟ ਲਈ ਕਿਉਂਕਿ ਅਮਰੀਕਨਾਂ ਨਾਲ ਹੋਏ ਸਮਝੌਤੇ ਨੇ ਉਸ ਦੇ ਅੰਦਰੂਨੀ ਦੁਸ਼ਮਣਾਂ ਨੂੰ ਵੱਡਾ ਰਾਜਸੀ ਹਥਿਆਰ ਦੇ ਦਿੱਤਾ।

ਵਿਦੇਸ਼ੀਆਂ ਨਾਲ ਹੋਈਆਂ ਸੰਧੀਆਂ ਨੇ ਸਾਫ਼ ਕਰ ਦਿੱਤਾ ਕਿ ਭਵਿੱਖ ਵਿਚ ਵਿਦੇਸ਼ੀ ਸ਼ੋਗਨ ਨਾਲ ਨਹੀਂ ਸਗੋਂ ਬਾਦਸ਼ਾਹ ਤੇ ਉਸ ਦੇ ਦਰਬਾਰ (Kyoto) ਨਾਲ ਵਰਤਣਗੇ। ਕਿਆਟੋ ਉੱਪਰ ਉਸ ਸਮੇਂ ਸਤਸੁਮਾ (Satsuma) ਅਤੇ ਚੋਸੂ (Choshu) ਕਬੀਲਿਆਂ ਦਾ ਬੋਲਬਾਲਾ ਸੀ। ਇਹ ਕਬੀਲੇ ਲੰਮੇ ਸਮੇਂ ਤੋਂ ਟੋਕੂਗਾਵਾ ਨੂੰ ਹੈਰਾਨ ਪ੍ਰੇਸ਼ਾਨ ਕਰ ਰਹੇ ਸਨ। ਪਾਵੇਂ ਇਹ ਕਬੀਲੇ ਵੀ ਵਿਦੇਸ਼ੀਆਂ ਦੇ ਵਿਰੁੱਧ ਸਨ ਪਰ

ਵਿਦੇਸ਼ੀਆਂ ਦੇ ਮਾਮਲੇ ਨੂੰ ਸ਼ੋਗਨ ਦੇ ਖਿਲਾਫ਼ ਵਰਤ ਕੇ ਰਾਜਨੀਤਕ ਲਾਹਾ ਲੈ ਰਹੇ ਸਨ। ਇਸ ਤਰ੍ਹਾਂ ਜਪਾਨੀ ਰਾਜਨੀਤੀ ਦੀਆਂ ਕਮਜ਼ੋਰੀਆਂ ਦਾ ਵਿਦੇਸ਼ੀਆਂ ਨੂੰ ਹੋਰ ਵੀ ਪਤਾ ਲਗ ਗਿਆ। ਉਹ ਹੋਰ ਸ਼ੇਰ ਬਣ ਗਏ।

ਜਪਾਨੀ ਏਕਾਂਤ ਨੂੰ ਖਤਮ ਕਰਨ ਦੇ ਸਵਾਲ ਤੇ ਸਾਰਾ ਜਪਾਨ ਦੋ ਖੇਮਿਆਂ ਵਿਚ ਵੰਡਿਆ ਗਿਆ। 1859 ਅਤੇ 1868 ਵਿਚਕਾਰ ਅਨੇਕਾਂ ਘਟਨਾਵਾਂ ਐਸੀਆਂ ਵਾਪਰੀਆਂ ਜਿਨਾਂ ਕਾਰਨ ਟੋਕੂਗਾਵਾ ਵੀ ਵੰਡੇ ਗਏ ਅਤੇ ਪੱਛਮੀ ਜਪਾਨ ਦੇ ਸ਼ਕਤੀਸਾਲੀ ਕਬੀਲੇ ਸ਼ਤਸੂਮਾ ਤੇ ਚੋਸੂ ਵੀ ਵਿਦੇਸ਼ੀਆਂ ਨਾਲ ਟੱਕਰ ਕਾਰਨ ਹਾਰ ਗਏ। 1864 ਈ. ਤੱਕ ਜਪਾਨੀ ਫੌਜੀ ਜਮਾਤ ਨੇ ਵਿਦੇਸ਼ੀਆਂ ਸਾਹਮਣੇ ਗੋਡੇ ਟੇਕ ਦਿੱਤੇ ਸਨ, ਕਿਉਂਕਿ ਬਰਤਾਨਵੀ, ਫਰਾਂਸੀਸੀ ਡੱਚ ਅਤੇ ਅਮਰੀਕਨ ਸਾਂਝੀਆਂ ਫੌਜੀ ਕਾਰਵਾਈਆਂ ਰਾਹੀਂ ਜਪਾਨ ਨੂੰ ਖੋਲ੍ਹਣ ਜਾਂ ਪਾੜਨ ਤੇ ਲੱਗੇ ਹੋਏ ਸਨ।

ਜਪਾਨ ਦੀ ਰਾਜਨੀਤੀ ਮੇਜੀ ਦੀ ਪੁਨਰ-ਸਥਾਪਨਾ ਵੱਲ ਵਧ ਰਹੀ ਸੀ। ਇਸ ਦਾ ਜ਼ਿਕਰ ਅਸੀਂ ਵੱਖਰੇ ਪਾਠ ਰਾਹੀਂ ਕਰਾਂਗੇ।

## ਪਾਠ ਵਿਚ ਆਏ ਤਕਨੀਕੀ ਸ਼ਬਦ :

ਪੱਛਮੀਕਰਨ : ਪੱਛਮ ਜਾਂ ਯੂਰਪ ਵਰਗਾ ਬਨਣ ਅਤੇ ਬਣਾਉਣ ਦੀ ਖਾਹਿਸ਼ ਤੇ ਪ੍ਰਕਿਰਿਆ। ਉਦਯੋਗੀਕਰਨ ਅਤੇ ਵਪਾਰੀਕਰਨ, ਪੱਛਮੀਕਰਨ ਦੇ ਅਹਿਮ ਤੱਤ ਸਨ। ਪੂੰਜੀਵਾਦ ਕਾਰਨ ਵਿਗਿਆਨ ਤੇ ਤਕਨੀਕ ਦੀ ਤਰੱਕੀ ਤੇ ਇਨ੍ਹਾਂ ਵਿਚ ਬੇਹੱਦ ਵਿਸ਼ਵਾਸ ਇਸ ਦੀ ਹੋਰ ਵਿਸ਼ੇਸ਼ਤਾ ਸੀ।

ਟੋਕੂਗਾਵਾ ਸ਼ੋਗੂਨੇਟ : ਸ਼ੋਗਨ ਦੀ ਸੰਸਥਾ ਨੂੰ ਸ਼ੋਗੂਨੇਟ ਆਖਦੇ ਸਨ। ਟੋਕੂਗਾਵਾ ਵੰਸ ਵਲੋਂ 1603 ਈ. ਵਿਚ ਸ਼ੋਗਨ ਦੀ ਉਪਾਧੀ ਹਾਸਲ ਕੀਤੀ ਤੇ ਇਹ ਖਾਨਦਾਨ 1868 ਈ. ਤੱਕ ਸ਼ੋਗੂਨੇਟ ਤੇ ਕਾਬਜ਼ ਰਿਹਾ।

Right to extera-territorialty ਭਾਵ ਜ਼ਮੀਨ ਕਿਸੇ ਹੋਰ ਦੇਸ਼ ਦੀ ਪਰੰਤੂ ਕਾਇਦਾ ਕਾਨੂੰਨ ਤੇ ਇਨਸਾਫ਼ ਕਿਸੇ ਹੋਰ ਦੇਸ਼ ਦਾ। ਵਿਦੇਸ਼ੀ ਜਿੱਥੇ ਆਪਣਾ ਪ੍ਰਭਾਵ-ਖੇਤਰ (Area of Influence) ਬਣਾ ਲੈਂਦੇ ਸਨ - ਇਹ ਭਾਵੇਂ ਵਪਾਰ ਰਾਹੀਂ ਜਾਂ ਯੁੱਧ ਰਾਹੀਂ ਜਾਂ ਕੂਟਨੀਤੀ ਨਾਲ ਹਾਸਲ ਹੁੰਦਾ ਸੀ - ਉਥੇ ਹਰ ਵਿਦੇਸ਼ੀ ਸ਼ਕਤੀ ਆਪਣੇ ਨਾਗਰਿਕਾਂ ਉੱਪਰ ਉਸ ਸੰਬੰਧਤ ਦੇਸ਼ ਦਾ ਨਹੀਂ ਸਗੋਂ ਆਪਣਾ ਕਾਇਦਾ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਮੰਗਦੀ ਸੀ ਤੇ ਤਾਕਤ ਨਾਲ ਹਾਸਲ ਕਰਦੀ ਸੀ। ਇਹ ਸਿਧਾਂਤ ਕਮਜ਼ੋਰ ਤੇ ਹਾਰੇ ਦੇਸ਼ ਦੀ ਪ੍ਰਭੂਸਤਾ ਨੂੰ ਸੱਟ ਮਾਰਦਾ ਸੀ ਅਤੇ ਜੇਤੂ ਦੀ ਧੌਂਸ ਵੀ ਸਥਾਪਤ ਕਰਦਾ ਸੀ।

Consul : ਦੂਤ ਅਤੇ ਦੂਤ ਘਰ

## ਤੁਹਾਡੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਡੱਚਾਂ ਨੇ ਜਪਾਨ ਨੂੰ ਕਿਵੇਂ ਪ੍ਰਭਾਵਿਤ ਕੀਤਾ ?

2. ਸਮੂਰਾਏ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?
3. ਸ਼ੋਗਨ ਦੀ ਅਥਾਰਟੀ ਕਮਜ਼ੋਰ ਕਿਵੇਂ ਹੋਈ ?
4. ਪੈਰੀ ਨੂੰ ਦਿੱਤੀਆਂ ਗਈਆਂ ਸਰਕਾਰੀ ਹਦਾਇਤਾਂ ਦੀ ਸੂਚੀ ਬਣਾਉ।
5. ਪੈਰੀ ਦੀ ਕੂਟਨੀਤੀ ਕੀ ਸੀ ?
6. ਟਾਊਨਸੈਂਡ ਹੈਰੀਸ ਦੁਆਰਾ ਕੀਤੀ ਸੰਧੀ ਦੀਆਂ ਕੀ ਸ਼ਰਤਾਂ ਸਨ ?
7. ਸ਼ਤਸੂਮਾ ਤੇ ਚੋਸ਼ੂ ਕਬੀਲੇ ਆਪਣੀ ਰਾਜਨੀਤੀ ਕਿਵੇਂ ਕਰਦੇ ਸਨ ?

**ਲੰਮੇ ਪ੍ਰਸ਼ਨ :**

1. 1853 ਤੋਂ ਪਹਿਲਾਂ ਦਾ ਜਪਾਨ ਕਿਹੋ ਜਿਹਾ ਸੀ ? ਵਰਨਣ ਕਰੋ?
2. ਕਮਾਂਡਰ ਪੈਰੀ ਦੇ ਮਿਸ਼ਨ ਦੇ ਕੀ ਉਦੇਸ਼ ਸਨ ? ਪੈਰੀ ਨੇ ਉਨ੍ਹਾਂ ਨੂੰ ਕਿਵੇਂ ਹਾਸਲ ਕੀਤਾ ?
3. ਹੈਰੀਸ ਨੇ ਪੈਰੀ ਦੀਆਂ ਪ੍ਰਾਪਤੀਆਂ ਵਿਚ ਕੀ ਤੇ ਕਿਵੇਂ ਵਾਧਾ ਕੀਤਾ ?
4. ਪੱਛਮੀ ਸੰਬੰਧਾਂ ਨੇ ਜਪਾਨ ਦੀ ਅੰਦਰੂਨੀ ਨੀਤੀ ਨੂੰ ਕਿਵੇਂ ਪ੍ਰਭਾਵਿਤ ਕੀਤਾ ?

**ਵਧੇਰੇ ਜਾਣਕਾਰੀ ਲਈ ਪੁਸਤਕਾਂ :**

1. Harold M.Vinacke, *A History of the Far East in Modern Times* (Ludhiana 1996), Chapter IV (ਪੰਨੇ 76–97)

   (ਇਹੀ ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਵਿਚ ਛਾਪੀ ਹੈ ਤੇ ਸੰਬੰਧਤ ਪਾਠ ਵੇਖਿਆ ਜਾ ਸਕਦਾ ਹੈ)

2. K.M.Panikkar, *Asia and Western Dominance* (London, 1959), Pp. 65-70, 153-62

ਪਾਠ ਨੰ : 1.3 ਲੇਖਕ : ਡਾ. ਐਮ. ਜੇ. ਕੌਸ਼ੀ

# ਕੋਰੀਆ ਲਈ ਸੰਘਰਸ਼ ਅਤੇ ਮਹੱਤਤਾ

## ਚੀਨ ਨਾਲ ਝਗੜੇ ਖਾਸ ਕਰਕੇ 1894-95 ਈ: ਦਾ ਪਹਿਲਾ ਚੀਨੀ-ਜਾਪਾਨੀ ਯੁੱਧ

ਚੀਨ ਤੇ ਜਾਪਾਨ ਦੇ ਇਤਿਹਾਸਕ ਸੰਬੰਧਾਂ ਦੇ ਕੇਂਦਰ ਵਿੱਚ ਕੋਰੀਆ ਦੇਸ਼ ਰਿਹਾ ਹੈ। 1894 ਈ: ਦੇ ਚੀਨੀ-ਜਾਪਾਨੀ ਯੁੱਧ ਦਾ ਕਾਰਣ ਵੀ ਕੋਰੀਆ ਹੀ ਸੀ। ਇਹ ਜੰਗ ਨਾ ਸਿਰਫ਼ ਚੀਨੀਆਂ ਤੇ ਜਾਪਾਨੀਆਂ ਵਾਸਤੇ ਮਾਰੂ ਸੀ ਸਗੋਂ ਸਮੁੱਚੀ ਮਨੁੱਖ ਜਾਤੀ ਵਾਸਤੇ ਹਾਨੀਕਾਰਕ ਸੀ। ਕੋਰੀਆ ਨਾ ਸਿਰਫ਼ ਚੀਨ ਤੇ ਜਾਪਾਨ ਦੇ ਵਿਚਕਾਰ ਸਥਿਤ ਹੈ ਸਗੋਂ ਉਹ ਚੀਨ ਤੋਂ ਬਹੁਤ ਹੀ ਘੱਟ ਫ਼ਾਸਲੇ ਉੱਪਰ ਆਪਣੀ ਵੱਖਰੀ ਹੋਂਦ ਬਣਾਉਂਦਾ ਹੈ। ਚੀਨੀ ਮੁੱਖ ਭੂਮੀ ਦਾ ਮਨਚੂਰੀਆ ਪ੍ਰਦੇਸ਼ ਐਨ ਉਸ ਦੇ ਨਾਲ ਲੱਗਦਾ ਹੈ। ਇਸ ਭੂਗੋਲਿਕ ਸਾਂਝ ਤੋਂ ਇਲਾਵਾ ਵੀ ਚੀਨ ਤੇ ਕੋਰੀਆ ਵਿੱਚ ਸੰਬੰਧ ਸਨ। ਇਤਿਹਾਸਕ ਤੌਰ ਤੇ ਵੀ ਕੋਰੀਆ ਚੀਨ ਦਾ ਹਿੱਸਾ ਰਿਹਾ ਹੈ। ਇਸ ਦੇ ਐਨ ਉਲਟ ਜਾਪਾਨ ਨਾਲ ਕੇਵਲ ਉਸ ਦੇ ਸੰਬੰਧ ਫੌਜੀ ਤੇ ਗੁਲਾਮਾਂ ਵਾਲੇ ਰਹੇ ਹਨ। ਜਦੋਂ ਵੀ ਜਾਪਾਨੀਆਂ ਦਾ ਸਾਮਰਾਜ ਆਪਣੀਆਂ ਰਾਸ਼ਟਰੀ ਹੱਦਾਂ ਟੱਪਦਾ ਤਾਂ ਕੋਰੀਆ ਉਸ ਦਾ ਪਹਿਲਾ ਨਿਸ਼ਾਨਾ ਹੁੰਦਾ ਸੀ। ਅਜਿਹੀ ਸੂਰਤ ਵਿੱਚ ਜਾਪਾਨ ਦਾ ਮੁੱਖ ਮੰਤਵ ਚੀਨ ਦੀ ਧਰਤੀ ਤੇ ਪਹੁੰਚਣਾ ਹੁੰਦਾ ਸੀ, ਕੋਰੀਆ ਦੀ ਜਿੱਤ ਤਾਂ ਕੇਵਲ ਸ਼ੁਰੂਆਤ ਹੁੰਦੀ ਸੀ। ਹਿਡੋਯੋਸੀ (16ਵੀਂ ਸਦੀ) ਦੇ ਕਾਲ ਵਿੱਚ ਜਾਪਾਨੀਆਂ ਨੇ ਕੋਰੀਆ ਉੱਪਰ ਕਬਜ਼ਾ ਕਰ ਲਿਆ ਸੀ। ਪਰ ਉਸ ਦੀ ਮੌਤ ਦੇ ਨਾਲ ਹੀ ਕੋਰੀਆ ਫਿਰ ਆਜ਼ਾਦ ਹੋ ਗਿਆ। ਉਧਰ ਮਾਨਚੂ ਵੰਸ਼ ਦੀ ਗੱਦੀ ਸਥਾਪਤ ਹੁੰਦਿਆਂ ਹੀ ਚੀਨ ਤੇ ਕੋਰੀਆ ਉੱਪਰ ਆਪਣਾ ਹੱਕ ਜਿਤਾਇਆ ਤੇ ਇਸ ਤਰ੍ਹਾਂ ਚੀਨੀ ਜਾਪਾਨੀ ਯੁੱਧ ਲਈ ਰਾਹ ਪੱਧਰਾ ਹੋਇਆ।

### ਕੋਰੀਆ ਵਿੱਚ ਪ੍ਰਵੇਸ਼ (Entry into Korea) :-

16ਵੀਂ ਸਦੀ ਦੇ ਅੰਤ ਤਕ ਕੋਰੀਆ, ਜਾਪਾਨੀ ਤੇ ਚੀਨੀ ਰਾਸ਼ਟਰਾਂ ਦੇ ਨਾਲ-ਨਾਲ ਯੂਰਪੀਨੀਆਂ ਖਾਸ ਕਰਕੇ ਇਸਾਈ ਪਾਦਰੀਆਂ ਦੀ ਮਾਰ ਹੇਠਾਂ ਆ ਚੁੱਕੇ ਸੀ। 17ਵੀਂ ਸਦੀ ਵਿੱਚ ਡੱਚਾਂ ਨੇ ਇਸ ਨੂੰ ਆਪਣੇ ਸਾਮਰਾਜ ਵਿੱਚ ਮਿਲਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। 18ਵੀਂ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਇਸ ਨੂੰ ਵਿਉਪਾਰ ਵਾਸਤੇ ਖੋਲਾਣ ਲਈ ਯੂਰਪੀਨੀਆਂ ਨੇ ਯਤਨ ਕੀਤੇ। ਇਨ੍ਹਾਂ 300-400 ਸਾਲਾਂ ਵਿੱਚ ਕੈਥੋਲਿਕ ਤਬਕੇ ਦੀ ਇਸਾਈਅਤ ਕੋਰੀਆ ਵਿੱਚ ਦਾਖ਼ਲ ਹੋ ਚੁੱਕੀ ਸੀ, ਇਸ ਸੰਬੰਧ ਵਿੱਚ ਪਹਿਲਾਂ ਪਾਦਰੀ ਚੀਨ ਰਾਹੀਂ ਇੱਥੇ ਆਉਂਦੇ ਸਨ ਤੇ ਬਾਅਦ ਵਿੱਚ ਇਹ ਫਰਾਂਸੀਸੀਆਂ ਦੇ ਨਾਲ-ਨਾਲ ਇੱਥੇ ਪਹੁੰਚਦੇ ਰਹੇ। ਕੋਰੀਅਨ ਲੋਕ ਕਨਫੂਸੀਅਸ ਨੂੰ ਮੰਨਣ ਵਾਲੇ ਸਨ ਅਤੇ ਉਹ ਇਸਾਈਆਂ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਇਹ ਧਾਰਮਕ ਟੱਕਰ ਉਸ ਵੇਲੇ ਹੋਰ ਵੀ ਤੇਜ਼ ਹੋ ਗਈ ਜਦ 1860 ਈ. ਵਿੱਚ ਅੰਗਰੇਜ਼ਾਂ, ਰੂਸੀਆਂ ਅਤੇ ਫਰਾਂਸੀਸੀਆਂ ਨੇ ਕੋਰੀਆ ਨੂੰ ਹੜੱਪਣ ਵਾਸਤੇ ਉਪਰਾਲੇ ਕੀਤੇ। ਇਸ ਟਾਕਰੇ ਨੇ ਉਸ ਵੇਲੇ ਖਤਰਨਾਕ ਰੂਪ ਧਾਰ ਲਿਆ। ਜਦ 1866 ਈ: ਵਿੱਚ 18,000 ਇਸਾਈਆਂ ਨੂੰ ਕੋਰੀਆਂ ਵਿੱਚ ਕਤਲ ਕਰ ਦਿੱਤਾ। ਇਸ ਸੰਬੰਧੀ ਜਦ ਫਰਾਂਸੀਸੀਆਂ ਨੇ ਚੀਨੀਆਂ ਤੋਂ ਜਵਾਬ ਤਲਬੀ ਕੀਤੀ ਤਾਂ ਉਨ੍ਹਾਂ ਨੇ ਆਪਣੀ ਜ਼ੁੰਮੇਵਾਰੀ ਤੋਂ ਇਨਕਾਰ ਕਰ ਦਿੱਤਾ। ਫਰਾਂਸੀਸੀ ਨੇ ਵੀ ਕੋਰੀਆ ਨੂੰ ਘੇਰ ਲਿਆ ਪਰੰਤੂ ਹਮਲੇ ਤੋਂ ਗੁਰੇਜ਼ ਕੀਤਾ।

ਉਧਰ ਕੋਰੀਆਂ ਦੇ ਭੜਕੇ ਹੋਏ ਲੋਕਾਂ ਨੇ ਇੱਕ ਅਮਰੀਕਨ ਸਮੁੰਦਰੀ ਜਹਾਜ਼ ਨੂੰ ਸਾੜ ਦਿੱਤਾ ਤੇ ਉਸ ਦੇ ਅਮਲੇ ਨੂੰ ਕਤਲ ਕਰ ਦਿੱਤਾ। ਇਸ ਦਾ ਬਦਲਾ ਲੈਣ ਵਾਸਤੇ 1871 ਈ: ਵਿੱਚ ਅਮਰੀਕਾ ਨੇ ਵੀ ਚੜ੍ਹਾਈ ਕਰ ਦਿੱਤੀ ਅਤੇ ਕੋਰੀਆ ਦੇ ਕਾਫ਼ੀ ਜਹਾਜ਼ ਨਸ਼ਟ ਕਰ ਦਿੱਤੇ ਪਰੰਤੂ ਕੋਈ ਇਲਾਕਾ ਨਹੀਂ ਮੱਲਿਆ ਗਿਆ।

ਅਜਿਹੀ ਸਥਿਤੀ ਵਿੱਚ ਜਦ ਕਿ ਯੂਰਪੀਅਨ ਸ਼ਕਤੀਆਂ ਕੋਰੀਆਂ ਨੂੰ ਢਾਹ ਲਾ ਰਹੀਆਂ ਸਨ ਤਾਂ ਚੀਨ ਤੇ ਜਾਪਾਨ ਨੇ ਇੱਕ ਸੰਧੀ ਕਰਨਾ ਉੱਚਿਤ ਸਮਝਿਆ। ਇਹ ਕੰਮ ਸੌਖਾ ਨਹੀਂ ਸੀ ਕਿ ਕਿਉਂਕਿ ਕੋਰੀਅਨ ਲੋਕ ਜਾਪਾਨੀਆਂ ਨੂੰ ਬਹੁਤਾ ਬੁਰਾ ਸਮਝਦੇ ਸਨ। ਇਹ ਇਸ ਕਰਕੇ ਸੀ ਕਿ ਜਾਪਾਨੀਆਂ ਨੇ ਕਨਫਿਊਸੀਅਸਵਾਦ ਨੂੰ ਤਲਾਕ ਦੇ ਦਿੱਤਾ ਸੀ ਤੇ ਉਹ ਕਦੇ ਵੀ ਇਸ ਦੀ ਰੱਖਿਆ ਲਈ ਵਿਦੇਸ਼ੀਆਂ ਨਾਲ ਲੜਿਆ ਨਹੀਂ ਸੀ। ਜਿਵੇਂ ਕਿਵੇਂ ਵੀ 1871 ਈ: ਵਿੱਚ ਇੱਕ ਸੰਧੀ ਚੀਨ ਅਤੇ ਜਾਪਾਨ ਵਿੱਚ ਕੀਤੀ ਗਈ। ਇਸ ਸੰਧੀ ਦੀ ਪ੍ਰੋੜ੍ਹਤਾ 1873 ਈ: ਵਿੱਚ ਹੋਈ ਅਤੇ ਇਸ ਦੀਆਂ ਸ਼ਰਤਾਂ ਵਿੱਚੋਂ ਮੁੱਖ ਇਹ ਸਨ :

(1) ਚੀਨ ਕਿਸੇ ਵੀ ਰਾਸ਼ਟਰ ਨੂੰ ਸਭ ਤੋਂ ਵੱਧ ਰਿਆਇਤਾਂ ਵਾਲਾ ਰਾਸ਼ਟਰ ਨਹੀਂ ਮੰਨੇਗਾ।

(2) ਐਕਸਟਰਾ-ਟੈਰੀ ਟੋਰੀਅਲਟੀ ਦਾ ਸਿਧਾਂਤ ਇੱਕ ਤਰਫਾ ਨਹੀਂ ਸਗੋਂ ਪਰਸਪਰ ਲੈਣ-ਦੇਣ ਦੇ ਆਧਾਰ ਤੇ ਵੀ ਲਾਗੂ ਹੋਵੇਗਾ।

(3) ਚੀਨੀ ਤੇ ਜਾਪਾਨੀ ਵਿਉਪਾਰ ਦਾ ਆਕਾਰ ਵੀ ਇਕ ਤਰਫਾ ਨਹੀਂ ਸਗੋਂ ਬਹੁ-ਪੱਖੀ ਹੋਵੇਗਾ ਤੇ ਜਾਪਾਨੀਆਂ ਨੂੰ ਕਦੇ ਵੀ ਚੀਨ ਜਾਂ ਕੋਰੀਆ ਦੇ ਅੰਦਰ ਤੱਕ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ।

(4) ਨਾ ਚੀਨ ਤੇ ਨਾ ਹੀ ਜਾਪਾਨ ਕੋਰੀਆ ਉੱਪਰ ਹਮਲਾ ਕਰੇਗਾ।

ਇਸ ਸੰਧੀ ਦੇ ਬਾਵਜੂਦ ਵੀ ਕੋਰੀਆ ਨੇ 1875 ਈ: ਵਿੱਚ ਇੱਕ ਜਾਪਾਨੀ ਜਹਾਜ਼ ਤੇ ਬੰਬਬਾਰੀ ਕਰ ਦਿੱਤੀ, ਪਰੰਤੂ ਇਸ ਨੇ ਚੀਨੀਆ ਰਾਹੀਂ ਕੋਰੀਆ ਉੱਪਰ ਦਬਾਅ ਪਾਇਆ ਕਿ ਉਹ ਆਪਣੀ ਜਾਪਾਨ ਸੰਬੰਧੀ ਨੀਤੀ ਬਦਲੇ ਨਤੀਜੇ ਵਜੋਂ 1876 ਈ: ਵਿੱਚ ਇੱਕ ਸਮਝੌਤਾ ਹੋਇਆ ਜਿਸ ਦੇ ਮੁਤਾਬਕ ਕੋਰੀਆ ਨੂੰ ਇੱਕ ਆਜ਼ਾਦ ਤੇ ਖੁਦ ਮੁਖਤਿਆਰ ਰਾਸ਼ਟਰ ਮੰਨ ਲਿਆ। ਪਰੰਤੂ ਇਸ ਦੇ ਨਾਲ ਹੀ ਇਹ ਵੀ ਮੰਨਿਆ ਗਿਆ ਕਿ ਚੀਨ ਤੇ ਕੋਰੀਆ ਵਿਚਕਾਰ ਜੋ ਸੰਬੰਧ ਇਤਿਹਾਸਕ ਤੇ ਸਭਿਆਚਾਰਕ ਹਨ, ਉਨ੍ਹਾਂ ਦੀ ਕਦਰ ਕੀਤੀ ਜਾਵੇਗੀ। ਸਮਝੌਤੇ ਦੀ ਇਹ ਮੰਗ ਵਿਵਹਾਰਕ ਨਹੀਂ ਸੀ ਕਿਉਂਕਿ ਅਜਿਹੇ ਸੰਬੰਧਾਂ ਦੀ ਪੱਛਮੀ ਕਾਇਦੇ ਕਾਨੂੰਨ ਮੁਤਾਬਕ ਕੋਈ ਕੀਮਤ ਨਹੀਂ ਸੀ। ਇਸ ਦਾ ਭਾਵ ਇਹ ਸੀ ਕਿ ਚੀਨ ਹਮੇਸ਼ਾ ਕੋਰੀਆ ਤੋਂ ਹੱਥ ਧੋ ਬੈਠਾ ਸੀ। ਚੀਨ ਵਾਸਤੇ ਇਸ ਨੂੰ ਬਰਦਾਸ਼ਤ ਕਰਨਾ ਬਹੁਤ ਕਠਿਨ ਸੀ।

ਕੋਰੀਆ ਦੀ ਆਪਣੀ ਹਾਲਤ ਬਹੁਤ ਮਾੜੀ ਸੀ। ਇਹ ਇੱਕ ਅਜਿਹੇ ਵੰਸ਼ ਦੇ ਥੱਲੇ ਸੀ ਜੋ 500 ਸਾਲਾਂ ਪੁਰਾਣਾ ਹੋਣ ਕਰਕੇ ਜੋਸ਼ ਤੋਂ ਸੱਖਣਾ ਸੀ। ਰਾਸ਼ਟਰ ਦੀ ਜ਼ਿੰਦਗੀ ਉੱਪਰ ਬੁੱਧ ਧਰਮ ਦਾ ਗਲਬਾ ਸੀ। ਬੋਧੀ ਪੁਜ਼ਾਰੀ ਨਾ ਕੇਵਲ ਕੁਰੱਪਤ ਸਨ ਸਗੋਂ ਕਿਸੇ ਵੀ ਨਵੇਂ ਵਿਚਾਰ ਜਾਂ ਤਕਨੀਕੀ ਤਬਦੀਲੀਆਂ ਪ੍ਰਤੀ ਸੁਚੇਤ ਨਹੀਂ ਸਨ। ਦਰਬਾਰ ਵੰਡਿਆ ਹੋਇਆ ਸੀ ਤੇ ਧੜੇਬੰਦੀ ਦਾ ਸ਼ਿਕਾਰ ਸੀ। ਰਾਜ ਪ੍ਰਬੰਧ ਨਾ ਮਾਤਰ ਸੀ। ਜਾਪਾਨੀ ਹਮਲਿਆਂ ਨੇ ਚਾਰੇ ਪਾਸੇ ਹਫੜਾ-ਦਫੜੀ ਮਚਾ ਰਖੀ ਸੀ। ਨਾ ਕਿਸੇ ਦੀ ਜਾਨ ਨਾ ਮਾਲ ਸੁਰੱਖਿਅਤ ਸੀ। ਆਮ ਆਦਮੀ ਝੁੱਗੀ-ਝੌਂਪੜੀਆਂ ਵਿੱਚ ਰਹਿੰਦੇ ਸਨ ਅਤੇ ਜੀਵਨ ਦੀਆਂ ਸਹੂਲਤਾਂ ਕੇਵਲ ਵੱਡੇ ਤੇ ਅਮੀਰ ਲੋਕਾਂ ਵਾਸਤੇ ਹੀ ਸਨ। ਅਮੀਰ ਲੋਕ ਐਸ਼ ਵਿੱਚ ਮਸਤ ਸਨ ਤੇ ਗਰੀਬ ਭੁੱਖ ਮਰੀ ਨਾਲ ਜੂਝਦੇ ਸਨ। ਦੋਵਾਂ ਪਾਸੇ ਹੀ ਦੇਸ਼ ਤੇ ਸਮਾਜ ਪ੍ਰਤੀ ਸੋਚਣ ਦਾ ਮੌਕਾ ਨਹੀਂ ਸੀ। ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਸੀ ਪਰ ਔਰਤ ਦਾ ਦਰਜਾ ਬਹੁਤ ਥੱਲੇ ਸੀ।

ਸਮਾਜ ਦਾ ਬਹੁਤ ਵੱਡਾ ਹਿੱਸਾ ਕਿਸਾਨ ਸਨ, ਆਮ ਕਿਸਾਨ ਵਾਸਤੇ ਧਰਮ ਦਾ ਅਰਥ ਭੂਤਾਂ-ਪਰੇਤਾਂ ਤੇ ਪਸ਼ੂਆਂ ਦੀ ਪੂਜਾ ਕਰਨਾ ਹੀ ਸੀ। ਵਿਉਪਾਰ ਤੇ ਉਦਯੋਗ ਨਾ-ਮਾਤਰ ਸਨ।

1863 ਈ: ਤੋਂ ਬਾਅਦ ਕੋਰੀਆ ਅਨੇਕਾਂ ਛੜੀਅੰਤਰਾਂ ਦਾ ਸ਼ਿਕਾਰ ਹੋ ਗਿਆ। ਇਸੇ ਸਾਲ ਇੱਕ 12 ਸਾਲ ਦੇ ਲੜਕੇ ਨੂੰ ਗੱਦੀ 'ਤੇ ਬਿਠਾਇਆ ਗਿਆ। ਉਨ੍ਹਾਂ ਦਾ ਪਿਤਾ ਤਾਈ-ਵੂਨ-ਕੂਨ ਉਸ ਦਾ ਵੱਲੀ-ਆਹਿਦ ਬਣਿਆ। ਬਾਦਸ਼ਾਹ ਕਮਜ਼ੋਰ ਸੀ ਤੇ ਤਾਈ ਵੂਨ-ਕੂਨ ਬਹੁਤ ਸ਼ਕਤੀਸ਼ਾਲੀ ਚਰਿੱਤਰ ਵਾਲਾ ਸੀ। ਬਾਦਸ਼ਾਹ ਦੀ ਪਿੱਠ ਉੱਪਰ ਰਾਣੀ ਦਾ ਹੱਥ ਸੀ ਅਤੇ ਉਸ ਦੇ ਜਵਾਨ ਹੁੰਦਿਆਂ ਹੀ ਦਰਬਾਰ ਦੇ ਮਿਨ ਅਤੇ ਯੀ ਧੜਿਆਂ ਵਿਚਕਾਰ ਝਗੜਾ ਸ਼ੁਰੂ ਹੋ ਗਿਆ। ਮਿਨ ਧੜਾ ਮਹਾਰਾਣੀ ਦਾ ਸੀ ਤੇ ਯੀ ਧੜਾ ਤਾਈ-ਵੂਨ-ਕੂਨ ਦਾ। ਇਹ ਖਾਨਾ ਜੰਗੀ ਕੇਵਲ ਸੱਤਾ ਪ੍ਰਾਪਤੀ ਵਾਸਤੇ ਹੀ ਸੀ। ਮਿਨ ਧੜਾ ਵਿਦੇਸ਼ੀਆਂ ਦਾ ਸਹਾਰਾ ਲੈਂਦਾ ਸੀ ਤੇ ਚਾਹੁੰਦਾ ਸੀ ਕਿ ਕੋਰੀਆ ਵੀ ਹੋਰ ਰਾਸ਼ਟਰਾਂ ਵਾਂਗ ਆਧੁਨਿਕੀਕਰਨ ਦੀ ਵਿਧੀ ਅਪਣਾਵੇ। ਇਸੇ ਕਰਕੇ ਰਾਣੀ ਦੇ ਪ੍ਰਭਾਵ ਸਦਕਾ ਕੋਰੀਆਂ ਨੇ ਵਿਦੇਸ਼ੀਆਂ ਦੇ ਵਿਰੋਧ ਦੀ ਨੀਤੀ ਨੂੰ ਛੱਡ ਦਿੱਤਾ।

ਪਰੰਤੂ 1881 ਈ: ਵਿੱਚ ਦੇਸ਼ ਵਿੱਚ ਇੱਕ ਕਾਲ ਪੈ ਗਿਆ, ਲੋਕ ਭੁੱਖੇ ਮਰਨ ਲੱਗੇ। ਤਾਈ-ਵੂਨ-ਕੂਨ ਨੇ ਇਸ ਭੁੱਖ-ਮਰੀ ਲਈ ਰਾਣੀ ਤੇ ਉਸਦੇ ਵਿਦੇਸ਼ੀ ਮਿੱਤਰਾਂ ਨੂੰ ਜ਼ੁੰਮੇਵਾਰ ਠਹਿਰਾਇਆ। ਉਸ ਨੇ ਜਨਤਾ ਭੜਕਾ ਕੇ ਰਾਣੀ ਦੇ ਮਹਿਲ ਤੇ ਹਮਲਾ ਕਰਵਾ ਦਿੱਤਾ। ਹੌਲੀ-ਹੌਲੀ ਜਾਪਾਨੀ ਵੀ ਲੋਕਾਂ ਦੇ ਰੋਹ ਦਾ ਸ਼ਿਕਾਰ ਬਣਨ ਲੱਗੇ ਕਿਉਂਕਿ ਉਹ ਰਾਣੀ ਦੇ ਸਮਰੱਥਕ ਮੰਨੇ ਜਾਂਦੇ ਸਨ। ਜਾਪਾਨੀਆਂ ਨੇ ਚੀਨੀਆਂ ਨੂੰ ਕਿਹਾ ਕਿ ਉਹ ਕੋਰੀਅਨ ਲੋਕਾਂ ਨੂੰ ਰੋਕਣ। ਚੀਨੀਆਂ ਨੇ ਦਖ਼ਲ ਦਿੱਤਾ ਤੇ ਤਾਈ-ਵੂਨ-ਕੂਨ ਨੂੰ ਚੁੱਕ ਕੇ ਲੈ ਗਏ। ਇਸ ਦਾਖ਼ਲੇ ਕਾਰਣ ਚੀਨੀਆਂ ਤੇ ਜਾਪਾਨੀਆਂ ਵਿੱਚ ਖੜਕ ਗਈ। 1883 ਈ: ਵਿੱਚ ਚੀਨ ਨੇ ਆਪਣਾ ਇੱਕ ਦੂਤ ਜਿਸ ਦਾ ਨਾਂ ਯੂਆਨ ਕਾਈ ਸੀ, ਕੋਰੀਆ ਉੱਪਰ ਪ੍ਰਭੂਸੱਤਾ ਦੇ ਚਿੰਨ੍ਹ ਵਜੋਂ ਨਿਯੁਕਤ ਕਰ ਦਿੱਤਾ। ਉਨ੍ਹਾਂ ਨੇ ਹੌਲੀ-ਹੌਲੀ ਜਾਪਾਨੀ ਪ੍ਰਭਾਵ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ, ਪਰੰਤੂ ਕਿਉਂਕਿ ਯੂਰਪੀਨੀਆਂ ਤੋਂ ਡਰਦੇ ਦੋਵੇਂ ਚੀਨੀ ਤੇ ਜਾਪਾਨੀ ਆਪਸ ਵਿੱਚ ਲੜਨਾ ਨਹੀਂ ਚਾਹੁੰਦੇ ਸਨ, ਸੋ 1894 ਈ: ਤੱਕ ਹੀ ਇਹ ਟੱਕਰ ਜੰਗ ਦਾ ਰੂਪ ਧਾਰਨ ਕਰ ਸਕੀ।

## 1. 1894-95 ਈ: ਦੇ ਯੁੱਧ ਦੇ ਤਤਕਾਲੀਨ ਕਾਰਨ (Immediate Cause of the War of 1894-95)

1894 ਈ: ਦੇ ਜੰਗ ਦਾ ਤਤਕਾਲੀਨ ਕਾਰਨ ਕੋਰੀਆ ਵਿਚ ਟੋਂਗਹਾਕ (Tonghak) ਪਾਰਟੀ ਦੀ ਸਫ਼ਲ ਬਗਾਵਤ ਸੀ। ਟੋਂਗਹਾਕ (Tonghak) ਧਾਰਮਕ ਸੁਧਾਰਵਾਦੀ ਸਨ ਜੋ ਬਾਅਦ ਵਿੱਚ ਰਾਜਨੀਤੀ ਵਿੱਚ ਹਿੱਸੇ ਲੈਣ ਲੱਗੇ। ਉਹ ਬੁੱਧ ਧਰਮ, ਕਨਫਿਊਸੀਅਸਵਾਦ ਤੇ ਤਾਉਵਾਦ ਨੂੰ ਸੁਧਾਰ ਕੇ ਕੋਰੀਆ ਲੋਕਾਂ ਵਿੱਚ ਇੱਕ ਨਵੀਂ ਰਾਸ਼ਟਰੀ ਚੇਤਨਾ ਪੈਦਾ ਕਰਨੀ ਚਾਹੁੰਦੇ ਸਨ। ਉਨ੍ਹਾਂ ਦੀ ਬਗਾਵਤ ਨੂੰ ਦਬਾਉਣ ਵਾਸਤੇ ਕੋਰੀਆ ਸਰਕਾਰ ਨੇ ਚੀਨ ਤੋਂ ਮਦਦ ਮੰਗੀ। ਕੋਈ 1509 ਚੀਨੀ ਫ਼ੌਜੀ ਚੜ੍ਹ ਆਏ। ਦੂਸਰੇ ਪਾਸੇ ਬਾਗੀਆਂ ਦੀ ਪਿੱਠ ਉੱਪਰ ਜਾਪਾਨੀ ਚੜ੍ਹ ਆਏ, ਪਰੰਤੂ ਇਨ੍ਹਾਂ ਵਿਦੇਸ਼ੀ ਫ਼ੌਜਾਂ ਦੀ ਆਮਦ ਤੋਂ ਪਹਿਲਾਂ ਹੀ ਕੋਰੀਆ ਫ਼ੌਜ ਨੇ ਬਗਾਵਤ ਤੇ ਕਾਬੂ ਪਾ ਲਿਆ ਸੀ। ਇਸ ਕਰਕੇ ਕੋਰੀਅਨ ਹਾਕਮਾਂ ਨੇ ਚੀਨ ਤੇ ਜਾਪਨ ਨੂੰ ਆਪਣੀਆਂ ਫ਼ੌਜਾਂ ਵਾਪਸ ਬੁਲਾਉਣ ਲਈ ਕਿਹਾ। ਜਾਪਾਨ ਨੇ ਕਿਹਾ ਕਿ ਉਹ ਉਤਨਾ ਚਿਰ ਵਾਪਸ ਨਹੀਂ ਜਾਵੇਗਾ ਜਦ ਤਕ ਕੋਰੀਅਨ ਸਰਕਾਰ ਉਨ੍ਹਾਂ ਦੇ ਸੁਧਾਰਾਂ ਨੂੰ ਲਾਗੂ ਨਹੀਂ ਕਰੇਗੀ ਜਿਨ੍ਹਾਂ ਦੀ ਮੰਗ ਟੋਂਗਹਾਕ (Tonghak) ਕਰਦੇ ਸਨ। ਚੀਨੀਆਂ ਨੇ ਇਹ ਦਲੀਲ ਰੱਦ ਕਰ ਦਿੱਤੀ। ਇਸ ਤਰ੍ਹਾਂ ਚੀਨੀ ਤੇ ਜਾਪਾਨੀ ਫ਼ੌਜਾ ਕੋਰੀਆ ਵਿੱਚ ਡੱਟੀਆਂ ਰਹੀਆਂ।

**2. ਜਾਪਾਨ ਯੁੱਧ ਕਿਉਂ ਚਾਹੁੰਦਾ ਸੀ ? (Why did Japan Want War ?) :-**

ਕਿਉਂਕਿ ਇਹ ਜੰਗ ਜਾਪਾਨ ਦੀ ਦੱਖਣ-ਪੂਰਬੀ ਏਸ਼ੀਆ ਵੱਲ ਸਮੁੱਚੇ ਤੌਰ ਤੇ ਨੀਤੀ ਨੂੰ ਉਜਾਗਰ ਕਰਦਾ ਸੀ। ਸੋ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਜਾਪਾਨ ਇਸ ਯੁੱਧ ਵਿੱਚ ਕਿਉਂ ਕੁੱਦਣਾ ਚਾਹੁੰਦਾ ਸੀ। ਇਸ ਸੰਬੰਧੀ ਹੇਠ ਲਿਖੀਆਂ ਗੱਲਾਂ ਧਿਆਨ ਵਿੱਚ ਰੱਖਣ ਵਾਲੀਆਂ ਹਨ :

(1) ਇਹ ਲੜਾਈ ਕੋਰੀਆ ਲਈ ਲੜੀ ਜਾਣੀ ਸੀ, ਜਾਪਾਨ ਨੂੰ ਡਰ ਸੀ ਕਿ ਕੋਰੀਆ ਕਿਸੇ ਸ਼ਕਤੀਸ਼ਾਲੀ ਦੇਸ਼ ਦੇ ਹੱਥ ਲੱਗ ਗਿਆ ਤਾਂ ਉਹ ਇੱਕ ਦਿਨ ਜਾਪਾਨ ਤੇ ਹਮਲਾ ਜ਼ਰੂਰ ਕਰੇਗਾ।

(2) ਕੋਰੀਆ ਦੀ ਖਾਨਾ ਜੰਗੀ ਜਾਪਾਨ ਦੇ ਗੁਆਂਢ ਵਿੱਚ ਅਸਥਿਰਤਾ ਪੈਦਾ ਕਰਕੇ ਜਾਪਾਨ ਲਈ ਖ਼ਤਰਨਾਕ ਸਿੱਧ ਹੋ ਸਕਦੀ ਸੀ।

(3) ਰੂਸੀ ਪਹਿਲਾਂ ਹੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਪ੍ਰਵੇਸ਼ ਕਰਕੇ ਜਾਪਾਨ ਦੇ ਸਿਰ ਤੇ ਆ ਬੈਠੇ ਸਨ, ਉਹ ਕਿਸੇ ਵੀ ਸਮੇਂ ਕੋਰੀਆ ਵਿੱਚ ਉਤਰ ਸਕਦੇ ਸਨ।

(4) ਜਾਪਾਨ ਨੂੰ ਕੋਰੀਅਨ ਚਾਵਲ ਦੀ ਸਖ਼ਤ ਜ਼ਰੂਰਤ ਸੀ। ਇਸ ਤੋਂ ਇਲਾਵਾ ਉਸ ਦੇ ਹੋਰ ਵੀ ਆਰਥਕ ਹਿੱਤ ਕੋਰੀਆ ਵਿੱਚ ਸਨ, ਜਿਵੇਂ ਕਿ ਜਹਾਜ਼ਰਾਨੀ ਤੇ ਵਿਉਪਾਰ।

(5) ਕੋਰੀਅਨ ਘਰੇਗੀ ਯੁੱਧ ਉਸ ਵਾਸਤੇ ਇੱਕ ਸੁਨਹਿਰੀ ਮੌਕਾ ਸੀ।

ਇਸ ਦੇ ਨਾਲ ਜਾਪਾਨ ਦੱਖਣ-ਪੂਰਬੀ ਏਸ਼ੀਆ ਦੀ ਇੱਕ ਮਹਾਂਸ਼ਕਤੀ ਵੀ ਬਣਨਾ ਚਾਹੁੰਦਾ ਸੀ। ਉਸ ਨੂੰ ਇਲਾਕਿਆਂ ਤੇ ਸਾਧਨਾਂ ਦੀ ਸਖ਼ਤ ਜ਼ਰੂਰਤ ਸੀ। ਇਸ ਤਰ੍ਹਾਂ ਜਾਪਾਨੀ ਸਾਮਰਾਜਵਾਦ ਵੀ ਉਸ ਨੂੰ ਜੰਗ ਵਾਸਤੇ ਮਜ਼ਬੂਰ ਕਰ ਰਿਹਾ ਸੀ।

**3. ਘਟਨਾਵਾਂ (Events) :-** 1 ਅਗਸਤ, 1894 ਈ: ਨੂੰ ਸ਼ੁਰੂ ਹੋਈ ਜੰਗ ਜਾਪਾਨੀ ਆਧੁਨਿਕ ਫੌਜ ਲਈ ਇੱਕ ਚੁਨੌਤੀ ਸੀ। ਪੱਛਮੀ ਲੋਕ ਸੋਚਦੇ ਸਨ ਕਿ ਚੀਨ ਆਪਣੀ ਵੱਡੀ ਫ਼ੌਜ ਨਾਲ ਜਾਪਾਨੀਆਂ ਨੂੰ ਹਰਾ ਦੇਵੇਗਾ ਪਰੰਤੂ ਹੋਇਆ ਉਲਟਾ ਜਾਪਾਨੀ ਫ਼ੌਜ ਨੇ ਛੇਤੀ ਹੀ ਚੀਨੀਆਂ ਨੂੰ ਕੋਰੀਆ ਵਿੱਚੋਂ ਕੱਢ ਕੇ ਉਨ੍ਹਾਂ ਦੇ ਪ੍ਰਾਂਤ ਮਨਚੂਰੀਆ ਤੇ ਵੀ ਹਮਲਾ ਕਰ ਲਿੱਤਾ, ਪਰੰਤੂ ਅਸਲ ਲੜਾਈ ਜ਼ਮੀਨ ਤੇ ਨਹੀਂ ਸਗੋਂ ਸਮੁੰਦਰ ਵਿੱਚ ਲੜੀ ਜਾਣੀ ਸੀ। 17 ਸਤੰਬਰ ਨੂੰ ਯਾਲੂ ਦਰਿਆ ਦੇ ਮੁਹਾਣੇ ਤੇ ਜਾਪਾਨੀ ਨੇਵੀ ਜੋ ਕਿ ਅੰਗਰੇਜ਼ੀ ਤਕਨੀਕਾਂ ਨੂੰ ਅਪਣਾ ਚੁੱਕੀ ਸੀ ਨੇ ਚੀਨੀ ਨੇਵੀ ਨੂੰ ਹਰਾ ਦਿੱਤਾ। ਇੰਝ ਕਰਕੇ ਉਨ੍ਹਾਂ ਨੇ ਦੱਖਣੀ ਮਨਚੂਰੀਆ ਦੀ ਮਸ਼ਹੂਰ ਬੰਦਰਗਾਹ ਪੋਰਟ ਆਰਥਰ ਉੱਪਰ ਆਪਣਾ ਅਧਿਕਾਰ ਜਮਾ ਲਿਆ। ਬਚਿਆ-ਖੁਚਿਆ ਚੀਨੀ ਬੇੜਾ ਵੀ-ਹਾਈ-ਵੀ ਨਾਮ ਦੀ ਥਾਂ ਤੇ ਜਾਪਾਨੀਆਂ ਹਥੋਂ ਨਸ਼ਟ ਹੋ ਗਿਆ। ਮਜ਼ਬੂਰਨ ਚੀਨ ਨੂੰ ਹਥਿਆਰ ਸੁੱਟ ਕੇ ਸੰਧੀ ਕਰਨੀ ਪਈ।

**4. ਸ਼ਿਮੋਨੋਸੇਕੀ ਦੀ ਸੰਧੀ (Treaty of Shimonoseki) :-** ਚੀਨੀ-ਜਾਪਾਨੀ ਜੰਗ ਦਾ ਖਾਤਮਾ ਇਟੋ ਅਤੇ ਲੀ (Li-Hung-Chang) ਵਿਚਕਾਰ 17 ਅਪ੍ਰੈਲ, 1895 ਈ: ਨੂੰ ਹੋਏ ਸਮਝੌਤੇ ਨੇ ਕੀਤਾ, ਇਸ ਨੂੰ ਸ਼ਿਮੋਨੋਸੇਕੀ ਦੀ ਸੰਧੀ ਕਿਹਾ ਜਾਂਦਾ ਹੈ ਅਤੇ ਇਸ ਵਿੱਚ ਹੇਠ ਲਿਖੀਆਂ ਸ਼ਰਤਾਂ ਸ਼ਾਮਲ ਸਨ :

(1) ਚੀਨ ਤਾਇਵਾਨ (Formosa), ਪੇਸ਼ਕਾ ਡੋਰਜ (Pescadores), ਪੋਰਟ ਆਰਥਰ ਅਤੇ ਲਿਉ ਤੁੰਗ ਜੋ ਕਿ ਦੱਖਣੀ ਮਨਚੂਰੀਆ ਦਾ ਹਿੱਸਾ ਹੈ, ਜਾਪਾਨ ਨੂੰ ਦੇਵੇਗਾ।

(2) ਚੀਨ ਕੋਰੀਆ ਦੀ ਆਜ਼ਾਦੀ ਨੂੰ ਤਸਲੀਮ ਕਰਦਾ ਹੈ।

(3) 200 ਮਿਲੀਅਨ ਟੇਲਜ਼ ਦਾ ਹਰਜਾਨਾ ਚੀਨ ਜਾਪਾਨ ਨੂੰ ਦੇਵੇਗਾ ਅਤੇ

(4) ਚੀਨ ਅਤੇ ਜਾਪਾਨ ਇੱਕ ਵਿਉਪਾਰਕ ਸਮਝੌਤਾ ਕਰਨਗੇ ਜਿਸ ਅਧੀਨ ਜਾਪਾਨ ਨੂੰ ਚੀਨ ਵਿੱਚ ਉਹ ਸਾਰੇ ਅਧਿਕਾਰ ਮਿਲ ਜਾਣਗੇ ਜੋ ਕਿ ਯੂਰਪੀਨ (ਪੱਛਮੀ) ਤਾਕਤਾਂ ਨੂੰ ਹਾਸਲ ਹਨ।

**5. ਯੁੱਧ ਦੇ ਸਿੱਟੇ (Results of the War) :-** ਇਸ ਯੁੱਧ ਨੇ ਸਮੁੱਚੇ ਦੱਖਣ-ਪੂਰਬੀ ਏਸ਼ੀਆ ਨੂੰ ਪ੍ਰਭਾਵਿਤ ਕੀਤਾ ਕਿਉਂਕਿ ਇਸ ਨੇ ਜਾਪਾਨ ਨੂੰ ਇੱਕ ਸਾਮਰਾਜਵਾਦੀ ਰਾਸ਼ਟਰ ਬਣਾ ਦਿੱਤਾ। ਉਸ ਦੀ ਜੰਗ ਕਰਨ ਤੇ ਸਾਮਰਾਜ ਵਿਸਤਾਰ ਦੀ ਪ੍ਰਵਿਰਤੀ ਵਿਧੀ ਅਤੇ ਉਹ ਇਲਾਕੇ ਹੜੱਪਣ ਵਾਸਤੇ ਉਠ ਖਲੋਤਾ। ਇਸ ਜਿੱਤ ਨੇ ਖੁਦ ਜਾਪਾਨ ਦੇ ਅੰਦਰ ਫ਼ੌਜੀ ਜਮਾਤ ਦੇ ਹੌਸਲੇ ਬੁਲੰਦ ਕਰਕੇ ਜਾਪਾਨੀ ਕੌਮ ਨੂੰ ਫ਼ੌਜੀਵਾਦ ਵੱਲ ਧੱਕ ਦਿੱਤਾ। ਇਸ ਫ਼ੌਜੀ ਜੁੰਡਲੀ ਨੇ ਪਹਿਲਾਂ ਕੋਰੀਆ ਤੇ ਹਮਲਾ ਕਰਕੇ ਚੀਨੀਆਂ ਨੂੰ ਉਥੋਂ ਬਾਹਰ ਕੱਢਿਆ, ਪਰੰਤੂ 1910 ਈ: ਵਿੱਚ ਕੋਰੀਆ ਦੀ ਆਜ਼ਾਦੀ ਦੀ ਪਰਵਾਹ ਨਾ ਕਰਦਿਆਂ ਹੋਇਆ ਉਸ ਨੂੰ ਜਾਪਾਨ ਦਾ ਗੁਲਾਮ ਬਣਾ ਲਿਆ। ਚੀਨ ਨੂੰ ਕਮਜ਼ੋਰ ਕਰਕੇ ਜਾਪਾਨ ਨੇ ਇੱਕ ਪਾਸੇ ਬਰਤਾਨੀਆਂ ਦੀ ਸਹਾਇਤਾ ਲਈ ਤੇ ਦੂਸਰੇ ਪਾਸੇ ਰੂਸ ਨਾਲ ਦੁਸ਼ਮਣੀ। ਇਸ ਤਰ੍ਹਾਂ ਰੂਸ-ਜਾਪਾਨੀ ਜੰਗ ਅਤੇ ਜਾਪਾਨੀ-ਬਰਤਾਨਵੀ ਸੰਧੀ ਦੇ ਬੀਜ 1894-95 ਈ: ਵਿੱਚ ਬੋਏ ਗਏ। ਇਸ ਜੰਗ ਤੋਂ ਛੇਤੀ ਹੀ ਬਾਅਦ ਰੂਸ ਨੇ ਜਰਮਨੀ ਤੇ ਫਰਾਂਸ ਦੀ ਮਦਦ ਨਾਲ ਜਾਪਾਨ ਤੋਂ ਪੋਰਟ ਆਰਥਰ ਬੰਦਰਗਾਹ ਖ਼ਾਲ੍ਹੀ ਕਰਵਾ ਲਈ ਅਤੇ ਉਸ ਨੇ ਚੀਨ ਤੋਂ ਸਾਈਬੇਰੀਅਨ ਰੇਲਵੇ ਵਾਸਤੇ ਸਹੂਲਤਾਂ ਪ੍ਰਾਪਤ ਕਰ ਲਈਆਂ। ਇਸ ਬੇਇਜ਼ਤੀ ਦਾ ਬਦਲਾ ਲੈਣ ਵਾਸਤੇ ਜਾਪਾਨ ਇੰਗਲੈਂਡ ਨਾਲ ਮਿਲ ਗਿਆ ਅਤੇ 1902 ਈ: ਵਿੱਚ ਉਸ ਨੇ ਇੰਗਲੈਂਡ ਨਾਲ ਸੰਧੀ ਕਰ ਲਈ। ਇਸ ਤੋਂ ਛੇਤੀ ਹੀ ਮਗਰੋਂ 1904-05 ਈ: ਵਿੱਚ ਉਸ ਨੇ ਰੂਸ ਨਾਲ ਜੰਗ ਸ਼ੁਰੂ ਕਰ ਦਿੱਤੀ।

ਇਸ ਜੰਗ ਦੀ ਚੀਨ ਦੇ ਇਤਿਹਾਸ ਵਿੱਚ ਬਹੁਤ ਮਹੱਤਤਾ ਹੈ। ਇਸ ਨੇ ਚੀਨ ਦੇ ਮਾਨਚੂ ਬੰਸ ਦੀ ਕਮਜ਼ੋਰੀ ਨੂੰ ਸਾਰੀ ਦੁਨੀਆਂ ਸਾਹਮਣੇ ਪੇਸ਼ ਕਰਕੇ ਉਸ ਦੇ ਖਾਤਮੇ ਦੀ ਸ਼ੁਰੂਆਤ ਕਰ ਦਿੱਤੀ। ਇਸ ਤਰ੍ਹਾਂ ਚੀਨ ਵਿੱਚ ਸੁਧਾਰਾਂ ਤੇ ਇਨਕਲਾਬਾਂ ਦਾ ਦੌਰ ਸ਼ੁਰੂ ਹੋਇਆ। ਕਾਨਰਾ ਜੂ ਵਾਈ ਦੇ '100 ਦਿਨ ਸੁਧਾਰਾਂ ਵਾਸਤੇ' ਇਸ ਜੰਗ ਦਾ ਹੀ ਸਿੱਟਾ ਸਨ। ਚੀਨ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਵਿਦੇਸ਼ੀ ਤੇ ਪੱਛਮੀ ਤਾਕਤਾਂ ਨੇ ਉਠਾਇਆ। ਉਹ ਇਸੇ ਖਰਬੂਜ਼ੇ ਨੂੰ ਪਾੜਨ ਵਾਸਤੇ ਆ ਬੈਠੇ ਤੇ ਕੱਟ-ਕੱਟ ਖਾਣਾ ਸ਼ੁਰੂ ਕਰ ਦਿੱਤਾ। ਇਹ ਜੰਗ ਕੋਰੀਆ ਲਈ ਵੀ ਮਹੱਤਵਪੂਰਨ ਸੀ। ਉਹ ਚੀਨ ਤੋਂ ਆਜ਼ਾਦ ਹੋ ਗਿਆ ਪਰੰਤੂ ਇਹ ਆਜ਼ਾਦੀ ਛੇਤੀ ਹੀ ਜਾਪਾਨੀ ਗੁਲਾਮੀ ਵਿੱਚ ਬਦਲ ਗਈ ਤੇ 1910 ਈ: ਵਿੱਚ ਇਹ ਆਪਣੀ ਰਾਜਨੀਤਿਕ ਹੋਂਦ ਗੁਆ ਬੈਠਾ ਤੇ ਜਾਪਾਨੀ ਸਾਮਰਾਜ ਦਾ ਅੰਗ ਬਣ ਗਿਆ।

## ਸੁਝਾਏ ਗਏ ਪ੍ਰਸ਼ਨ

1. ਜਪਾਨ ਦੇ ਕੋਰੀਆ ਵਿੱਚ ਕੀ ਹਿੱਤ ਸਨ ?
2. ਸਾਈਮੋਨੋਸ਼ਕੀ ਸੰਧੀ ਦੀਆਂ ਸ਼ਰਤਾਂ ਦੱਸੋ।
3. ਪਹਿਲੀ ਚੀਨ-ਜਪਾਨ ਯੁੱਧ ਦੇ ਕਾਰਣ ਅਤੇ ਸਿੱਟੇ ਦੱਸੋ।

ਪਾਠ ਨੰ : 1.4 ਲੇਖਕ : ਡਾ. ਐਸ. ਖਾਂਡੇਰਵਾਲ

# 1911 ਤੱਕ ਚੀਨੀ ਜਾਪਾਨੀ ਸਬੰਧ

## (Japanese Imperialism : Manchurian Crisis)

ਅਗਲੇ ਪਾਠਾਂ ਵਿੱਚ ਅਸੀਂ ਜਾਪਾਨੀ ਫ਼ੌਜੀਵਾਦ ਦੇ ਕਾਰਨ ਵੇਖਾਂਗੇ। ਇੱਥੇ ਅਸੀਂ ਇਸ ਦੇ ਜਾਪਾਨੀ ਵਿਦੇਸ਼ ਨੀਤੀ ਉੱਪਰ ਪਏ ਪ੍ਰਭਾਵਾਂ ਨੂੰ ਵੇਖਾਂਗੇ। ਇਸ ਫ਼ੌਜੀਵਾਦ ਦੀ ਮਨਚੂਰੀਆ ਤੋਂ ਹੀ ਸ਼ੁਰੂਆਤ ਕਰਾਂਗੇ।

### ਮਨਚੂਰੀਆ 'ਚ ਜਾਪਾਨੀ ਹਿੱਤ (Japanese interests in Manchuria) :-

ਵਾਸ਼ਇੰਗਟਨ ਕਾਨਫਰੰਸ ਅਤੇ 1930 ਈ: ਦੇ ਦਰਮਿਆਨ ਜਾਪਾਨ ਨੇ ਚੀਨ ਪ੍ਰੀਤ ਜੋ ਨੀਤੀ ਅਪਣਾਈ, ਉਸ ਦੀ ਇੱਕ ਵਿਸ਼ੇਸ਼ਤਾ ਇਹ ਸੀ ਕਿ ਉਹ ਬਾਹਰੀ ਤੌਰ ਤੇ ਚੀਨ ਦੀਆਂ ਇੱਕ ਤੋਂ ਜ਼ਿਆਦਾ ਰਿਆਸਤਾਂ ਨੂੰ ਆਪਣੇ ਅਧਿਕਾਰ ਤੇ ਪ੍ਰਭਾਵ ਵਿੱਚ ਵੇਖਣਾ ਲੋਚਦਾ ਸੀ। ਇਨ੍ਹਾਂ ਰਿਆਸਤਾਂ ਵਿੱਚ ਪ੍ਰਮੁੱਖ ਮਨਚੂਰੀਆ ਸੀ ਜੋ ਕਿ ਆਪਣੇ ਕੋਲੇ, ਲੋਹੇ ਦੇ ਭੰਡਾਰਾਂ ਕਾਰਨ ਬਹੁਤ ਲਾਭਦਾਇਕ ਸੀ। ਸ਼ਾਂਤੀ ਤੇ ਅਖੰਡਤਾ ਦਾ ਨਾਹਰਾ ਜਾਪਾਨੀ ਸਿਰਫ਼ ਹੋਰ ਵਿਦੇਸ਼ੀ ਸ਼ਕਤੀਆਂ ਖਾਸ ਕਰਕੇ ਰੂਸ ਨੂੰ ਚੀਨ ਤੋਂ ਪਰੇ ਰੱਖਣ ਲਈ ਹੀ ਦਿੰਦੇ ਸਨ ਅਤੇ ਇਹ ਇੱਕ ਕੂਟਨੀਤਕ ਹੱਥਕੰਡਾ ਹੀ ਸੀ ਕਿਉਂਕਿ ਜਾਪਾਨ ਆਪਣੇ ਤੌਰ ਪਰ ਓਪਨ ਡੋਰ ਪਾਲਸੀ ਸਿੱਧਾਂਤ ਨੂੰ ਪਹਿਲਾਂ ਹੀ ਮੰਨ ਚੁੱਕਿਆ ਸੀ। ਇਸ ਸਿੱਧਾਂਤ ਅਨੁਸਾਰ ਰੂਸੀਆਂ, ਅਮਰੀਕਨਾ, ਅੰਗਰੇਜ਼ਾਂ, ਫਰਾਂਸੀਸੀਆਂ ਤੇ ਜਰਮਨੀ ਨੂੰ ਚੀਨ 'ਚ ਆਪਣੇ-ਆਪਣੇ ਵਿਉਪਾਰਕ ਤੇ ਰਾਜਨੀਤਿਕ ਪ੍ਰਭਾਵ ਖੇਤਰ ਕਾਇਮ ਕਰਨ ਦਾ ਪੂਰਾ ਅਧਿਕਾਰ ਸੀ।

ਉਧਰ ਚੀਨ ਵੀ ਮਨਚੂਰੀਆ ਨੂੰ ਕਦਾਚਿਤ ਵੀ ਜਾਪਾਨੀਆਂ ਜਾਂ ਰੂਸੀਆਂ ਨੂੰ ਸੌਂਪਣ ਵਾਸਤੇ ਤਿਆਰ ਨਹੀਂ ਸੀ। ਹੇਠ ਲਿਖੇ ਹਾਲਾਤ ਚੀਨੀਆਂ ਲਈ ਬਹੁਤ ਸਹਾਇਕ ਸਿੱਧ ਹੋ ਰਹੇ ਸਨ :

1) ਚੀਨੀਆਂ ਨੇ ਉੱਤਰੀ ਮਨਚੂਰੀਆ 'ਚੋਂ ਰੂਸੀ ਪ੍ਰਭਾਵ ਨੂੰ ਘੱਟ ਕਰ ਦਿੱਤਾ ਸੀ ਤੇ ਹੁਣ ਉਹ ਜਾਪਾਨ ਤੋਂ ਵੀ ਮੰਗ ਕਰ ਰਹੇ ਸਨ ਕਿ ਉਹ ਵੀ ਰੂਸ ਦੀ ਹੀ ਤਰ੍ਹਾਂ ਉਨ੍ਹਾਂ ਦੇ ਰਾਜ ਨੂੰ ਉਨ੍ਹਾਂ ਦੇ ਹਵਾਲੇ ਕਰਨ ਦੀ ਤਿਆਰੀ ਕਰੋ। ਇਸੇ ਦੌਰਾਨ ਮਨਚੂਰੀਆ 'ਚ ਚੀਨੀ ਵਸੋਂ ਬੇਹੱਦ ਵੱਧ ਗਈ ਜਦ ਕਿ ਜਾਪਾਨੀਆਂ ਦੀ ਗਿਣਤੀ ਬਹੁਤ ਘੱਟ ਸੀ, ਕੋਈ ਦੋ ਕਰੋੜ ਨੱਬੇ ਲੱਖ ਦੀ ਸਮੁੱਚੀ ਵਸੋਂ ਦੇ ਹਿਸਾਬ ਨਾਲ ਇਹ ਵਿਸ਼ਾਲ ਚੀਨੀ ਪ੍ਰਾਂਤ ਸੀ। ਇਸੇ ਹੀ ਤਰ੍ਹਾਂ ਬੇਸ਼ਕ ਇਹ ਸਨਅਤੀ ਤੌਰ ਤੇ ਜਾਪਾਨੀ ਸੀ ਪਰੰਤੂ ਖੇਤੀ ਪੱਖੋਂ ਇਸ ਦੀ ਆਰਥਿਕਤਾ ਚੀਨੀ ਕਿਸਾਨਾਂ ਦੇ ਹੱਥ ਵਿੱਚ ਸੀ। ਜਦੋਂ ਜਾਪਾਨੀਆਂ ਨੇ ਜ਼ਮੀਨ ਖਰੀਦਣ ਲਈ ਹੱਕ ਮੰਗਣੇ ਸ਼ੁਰੂ ਕੀਤੇ ਤਾਂ ਚੀਨੀ ਕਿਸਾਨਾਂ ਨਾਲ ਉਨ੍ਹਾਂ ਦੇ ਹਿੱਤ ਟਕਰਾ ਗਏ। ਇਸ ਤਰ੍ਹਾਂ ਵਸੋਂ ਦਾ ਵੱਡਾ ਤੇ ਚੀਨੀ ਕਿਰਸਾਣੀ ਹਿੱਸਾ ਜਾਪਾਨੀਆਂ ਤੋਂ ਨਾਰਾਜ਼ ਹੋ ਗਿਆ।

2) ਹੌਲੀ-ਹੌਲੀ ਚੀਨੀਆਂ ਨੇ ਜਾਪਾਨੀਆਂ ਤੇ ਰੂਸੀਆਂ ਦੇ ਸਮਾਨੰਤਰ ਆਪਣੀਆਂ ਰੇਲਵੇ ਲਾਈਨਾਂ ਬਣਾ ਲਈਆਂ। ਇੰਝ ਕਰਨ ਨਾਲ ਉਹ ਜਾਪਾਨੀਆਂ ਦਾ ਮੁਕਾਬਲਾ ਕਰਨ ਲੱਗੇ ਕਿਉਂਕਿ ਕੇਵਲ ਰਾਜਨੀਤੀ ਕਾਰਣ ਹੀ ਜਾਪਾਨੀ ਮਨਚੂਰੀਆ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰ ਰਹੇ ਸਨ।

3) ਰਾਸ਼ਟਰਵਾਦੀ ਲਹਿਰ ਕਾਓਮਿੰਤਾਂਗ ਦੇ ਉਭਾਰ ਨਾਲ ਚੀਨੀਆਂ ਦੀ ਇਹ ਮੰਗ ਕਿ ਮਨਚੂਰੀਆ ਉਨ੍ਹਾਂ ਦਾ

ਹੀ ਰਾਜ ਹੈ ਹੋਰ ਵੀ ਜ਼ੋਰ ਫੜ ਗਈ। ਇਸ ਲਹਿਰ ਦਾ ਪ੍ਰਭਾਵ ਮਨਚੂਰੀਆ ਉੱਪਰ ਪੈਣ ਤੋਂ ਰੋਕਣ ਵਾਸਤੇ ਜਾਪਾਨ ਨੇ ਅਨੇਕ ਤਰੀਕੇ ਅਪਣਾਏ। ਸਭ ਤੋਂ ਪਹਿਲਾਂ ਤਾਂ ਉਸ ਨੇ ਰਾਸ਼ਟਰਵਾਦੀਆਂ ਦੇ ਖਿਲਾਫ਼ ਲੜ ਰਹੇ ਚੀਨੀ ਜਰਨੈਲਾਂ ਨੂੰ ਮਨਚੂਰੀਆਂ 'ਚ ਸ਼ਹਿ ਤੇ ਸ਼ਰਨ ਦਿੱਤੀ। ਦੂਸਰਾ ਉਨ੍ਹਾਂ ਨੇ ਕੋਰੀਆ ਜਾਤੀ ਦੇ ਲੋਕਾਂ ਨੂੰ ਚੀਨੀਆਂ ਦੇ ਖਿਲਾਫ਼ ਭੜਕਾਉਣਾ ਸ਼ੁਰੂ ਕੀਤਾ। ਭੜਕੇ ਹੋਏ ਚੀਨੀ ਕਈ ਵਾਰੀ ਤਾਂ ਜਾਪਾਨੀ ਅਫ਼ਸਰਾਂ ਨੂੰ ਵੀ ਮਾਰ ਦਿੰਦੇ ਸਨ। ਇਸੇ ਬਹਾਨੇ ਜਾਪਾਨੀ ਆਪਣੀ ਸਖ਼ਤੀ ਹੋਰ ਮਜ਼ਬੂਤ ਕਰ ਦਿੰਦੇ ਸਨ।

4) 1929–30 ਈ: ਦੇ ਵਿਸ਼ਵ ਮੰਦੇ ਨੇ ਜਾਪਾਨੀਆਂ ਨੂੰ ਮਨਚੂਰੀਆ ਦੀ ਲੁੱਟ-ਖਸੁੱਟ ਹੋਰ ਤੇਜ਼ ਕਰਨ ਲਈ ਮਜ਼ਬੂਰ ਕਰ ਦਿੱਤਾ ਕਿਉਂਕਿ ਮਨਚੂਰੀਆ 'ਚ ਲੱਗੀ ਪੂੰਜੀ ਦਾ 75% ਜਾਪਾਨੀ ਪੂੰਜੀ ਸੀ। ਇਸੇ ਤਰ੍ਹਾਂ ਚੀਨੀ ਜਾਪਾਨੀ ਵਿਉਪਾਰ ਦਾ 40% ਮਨਚੂਰੀਆ ਨਾਲ ਸੰਬੰਧਿਤ ਸੀ। ਆਪਣੀ ਇਸ ਆਰਥਕ ਨਿਰਭਰਤਾ ਕਾਰਨ ਜਾਪਾਨ ਨਾ ਸਿਰਫ਼ ਮਨਚੂਰੀਆ ਨੂੰ ਆਪਣੇ ਅਧਿਕਾਰ 'ਚ ਰੱਖਣ ਵਾਸਤੇ ਤੁਲਿਆ ਹੋਇਆ ਸੀ ਸਗੋਂ ਪੂਰਬੀ ਚੀਨ ਦੇ ਤਿੰਨ ਪ੍ਰਦੇਸ਼ਾਂ ਉੱਪਰ ਉਸ ਦੀ ਮੈਲੀ ਨਜ਼ਰ ਪੈਂਦੀ ਸੀ।

5) ਨਿੱਤ ਵੱਧ ਰਹੀ ਚੀਨੀ ਰਾਸ਼ਟਰਵਾਦੀ ਲਹਿਰ ਨੂੰ ਠਲ ਪਾਉਣ ਵਾਸਤੇ ਆਪਣੇ ਮਨਸੂਬੇ ਪੂਰੇ ਕਰਨ ਲਈ ਅਗਸਤ 1932 ਈ: 'ਚ ਜਾਪਾਨ ਦੀ ਸ਼ਾਨਤੁੰਗ ਫ਼ੌਜ ਨੇ ਇੱਕ ਗੋਂਦ ਗੁੰਦੀ। ਇਸ ਨੇ ਆਪ ਹੀ ਮੁਕਦੇਨ ਦੇ ਕਰੀਬ ਸਾਊਥ ਮਨਚੂਰੀਆ ਰੇਲਵੇ ਲਾਈਨ ਦਾ ਇੱਕ ਹਿੱਸਾ ਬੰਬ ਨਾਲ ਉਡਾ ਦਿੱਤਾ ਤੇ ਇਸ ਦਾ ਦੋਸ਼ ਚੀਨੀ ਰਾਸ਼ਟਰਵਾਦੀਆਂ ਤੇ ਕ੍ਰਾਂਤੀਕਾਰੀਆਂ ਸਿਰ ਮੜ ਦਿੱਤਾ ਅਤੇ ਕਰੀਨ ਸ਼ਹਿਰ ਤੇ ਕਬਜ਼ਾ ਕਰ ਲਿਆ। ਚੀਨੀਆਂ ਦੇ ਸਪੱਸ਼ਟੀਕਰਨ ਕਿ ਉਨ੍ਹਾਂ ਦਾ ਇਸ ਘਟਨਾ ਨਾਲ ਕੋਈ ਸੰਬੰਧ ਨਹੀਂ, ਜਰਮਾਲ ਹੋਰਜੋ ਨੇ ਮੁਕਦੇਨ ਨੂੰ ਆਪਣੇ ਅਧੀਨ ਕਰ ਲਿਆ। 1931 ਈ: ਤੱਕ ਚੀਨੀ ਫ਼ੌਜੀ ਸੱਤਾ ਮਨਚੂਰੀਆ 'ਚੋਂ ਖ਼ਤਮ ਕਰ ਦਿੱਤੀ ਗਈ। ਆਪਣੀ ਸਕਿਤੀ ਮਨਚੂਰੀਆਂ 'ਚ ਮਜ਼ਬੂਤ ਕਰਕੇ ਜਾਪਾਨੀਆਂ ਨੇ ਚੀਨ ਦੀਆਂ ਤਿੰਨ ਪੂਰਬੀ ਰਿਆਸਤਾਂ ਜਿਨ੍ਹਾਂ ਦਾ ਕੁਲ ਰਕਬਾ ਜਾਪਾਨ ਦੇ ਸਮੁੱਚੇ ਖੇਤਰਫਲ ਤੋਂ ਜ਼ਿਆਦਾ ਸੀ ਉੱਪਰ ਕਬਜ਼ਾ ਕਰ ਲਿਆ। ਉਹ ਚੀਨੀ ਇਲਾਕਾ ਜਿਹੜਾ ਕਿ ਜਾਪਾਨੀ ਅਧਿਕਾਰ ਹੇਠ ਸੀ ਅਮਰੀਕਾ ਦੀਆਂ ਬਾਰਾਂ ਰਿਆਸਤਾਂ ਦੇ ਬਰਾਬਰ ਸੀ।

## ਮਨਚੂਰੀਆ ਦਾ ਸੰਕਟ (Manchurian Crisis) :

ਮੁਕਦੇਨ ਉੱਪਰ ਜਾਪਾਨੀ ਕਬਜ਼ੇ ਦੇ 24 ਘੰਟਿਆਂ ਦੇ ਅੰਦਰ ਹੀ ਲੀਗ ਆਫ਼ ਨੇਸ਼ਨਜ਼ ਦੀ ਬੈਠਕ ਸੱਦ ਲਈ ਗਈ, ਪਰੰਤੂ ਇਹ ਕਰ ਕੁਝ ਵੀ ਨਾ ਸਕੀ ਕਿਉਂਕਿ ਸਾਰੀਆਂ ਵੱਡੀਆਂ ਤਾਕਤਾਂ ਜਾਣਦੀਆਂ ਸਨ ਕਿ ਜਾਪਾਨ ਹੁਣ ਇੱਕ ਮਹਾਂ ਸ਼ਕਤੀ ਬਣ ਚੁੱਕਾ ਸੀ। ਉਸ ਦੇ ਖਿਲਾਫ਼ ਨਾ ਤਾਂ ਫ਼ੌਜੀ ਕਾਰਵਾਈ ਅਤੇ ਨਾ ਹੀ ਵਿਉਪਾਰਕ ਨਾਕਾਬੰਦੀ ਸੰਭਵ ਸੀ। ਬਰਤਾਨੀਆਂ ਤੇ ਅਮਰੀਕਾ ਨੇ ਵੀ ਜ਼ਿਆਦਾ ਦਿਲਚਸਪੀ ਨਾ ਵਿਖਾਈ। ਹਾਂ ਅਮਰੀਕਾ ਨੇ ਮੰਨਿਆ ਕਿ ਜਾਪਾਨੀ ਹਮਲਾਵਰ ਸਨ। ਪਰੰਤੂ ਨਾਲ ਹੀ ਦਲੀਲ ਦਿੱਤੀ ਕਿ ਜੇ ਜਾਪਾਨ ਖਿਲਾਫ਼ ਕੋਈ ਫ਼ੌਜੀ ਕਾਰਵਾਈ ਕੀਤੀ ਗਈ ਤਾਂ ਇਹ ਜਾਪਾਨੀ ਫ਼ੌਜ ਦੇ ਹੱਥ ਮਜ਼ਬੂਤ ਕਰਨ ਵਾਲੀ ਗੱਲ ਹੋਵੇਗੀ ਕਿਉਂਕਿ ਫ਼ੌਜ ਜਾਪਾਨੀ ਸਰਕਾਰ ਨੂੰ ਪਹਿਲਾਂ ਹੀ ਖ਼ਤਮ ਕਰਨ ਉੱਪਰ ਤੁਲੀ ਹੋਈ ਹੈ।

ਸਤੰਬਰ-ਅਕਤੂਬਰ 1931 ਈ: ਵਿੱਚ ਲੀਗ ਨੇ ਜਾਪਾਨੀ ਹਮਲਾਵਰਾਂ ਨੂੰ ਚੀਨੀ ਮਨਚੂਰੀਆ ਤੋਂ ਨਿਕਲਣ ਲਈ ਮਤੇ ਪਾਸ ਕੀਤੇ, ਪਰੰਤੂ ਜਾਪਾਨੀਆਂ ਤੇ ਕੋਈ ਅਸਰ ਨਾ ਹੋਇਆ। ਦਸੰਬਰ ਵਿੱਚ ਲੀਗ ਨੇ ਇੱਕ ਇਨਕੁਆਰੀ ਕਮਿਸ਼ਨ ਚੀਨ ਭੇਜਿਆ ਇਸ ਦੇ ਬਾਵਜੂਦ ਜਾਪਾਨੀਆਂ ਨੇ 3 ਫਰਵਰੀ, 1932 ਈ: ਨੂੰ ਚੀਨ ਦੇ ਚਿਨਕਾਓ ਸ਼ਹਿਰ ਤੇ ਕਬਜ਼ਾ ਕਰ ਲਿਆ।

ਇਸ ਸਭ ਦੀ ਪਰਵਾਹ ਨਾ ਕਰਦੇ ਹੋਏ ਚੀਨੀਆਂ ਨੇ ਜਾਪਾਨੀਆਂ ਦਾ ਆਰਥਕ ਬਾਈਕਾਟ ਕਰ ਦਿੱਤਾ। ਇਸ ਦੇ ਬਾਵਜੂਦ ਜਾਪਾਨੀ ਵਿਉਪਾਰ 33% ਘੱਟ ਗਿਆ, ਕਿਉਂਕਿ ਬਾਈਕਾਟ ਮੁੱਖ ਰੂਪ ਵਿੱਚ ਸਿੰਗਈ ਸ਼ਹਿਰ ਤੋਂ ਸੰਗਠਿਤ

ਹੋ ਰਿਹਾ ਸੀ ਅਤੇ ਜਾਪਾਨੀਆਂ ਨੇ ਸਿੰਗਈ ਨੂੰ ਘੇਰਾ ਪਾ ਲਿਆ। ਹੁਣ ਜਾਪਾਨੀ ਸਾਮਰਾਜ ਤੇ ਚੀਨੀ ਰਾਸ਼ਟਰਵਾਦ ਦੀ ਸਿੱਧੀ ਟੱਕਰ ਹੋ ਗਈ।

ਚੀਨੀ ਜਰਨੈਲ ਤਸਾਈ ਤਿੰਗ ਕਾਈ (Tsdi Ting Kdi) ਤੇ ਸਿੰਘਾਈ ਦੇ ਨਾਗਰਿਕਾਂ ਨੇ ਸ਼ਹਿਰ ਦੀ ਜ਼ੋਰਦਾਰ ਹਿਫਾਜ਼ਤ ਕੀਤੀ ਤੇ ਡਟ ਕੇ ਲੜੇ। ਜਾਪਾਨੀਆਂ ਨੇ 4 ਡਵੀਜ਼ਨ ਫ਼ੌਜ ਮੈਦਾਨ ਵਿੱਚ ਝੋਕ ਦਿੱਤੀ। ਚੀਨੀ ਫਿਰ ਵੀ ਡਟੇ ਰਹੇ। ਜਾਪਾਨੀਆਂ ਨੇ ਬੰਬਾਰੀ ਕਰਕੇ ਹਜ਼ਾਰਾਂ ਨਾਗਰਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਰੰਤੂ ਇਸ ਖੂਨ-ਖਰਾਬੇ ਨੇ ਚੀਨੀਆਂ ਦੇ ਹੌਸਲੇ ਹੋਰ ਮਜ਼ਬੂਤ ਕਰ ਦਿੱਤੇ। 5 ਮਈ, 1932 ਈ: ਨੂੰ ਜਾਪਾਨੀਆਂ ਨੂੰ ਮਜ਼ਬੂਰਨ ਸ਼ਹਿਰ ਖਾਲੀ ਕਰਨਾ ਪਿਆ।

ਇਸ ਤੋਂ ਪਹਿਲਾਂ ਅਮਰੀਕਾ ਦੇ ਨਜ਼ਰੀਏ ਵਿੱਚ ਤਬਦੀਲੀ ਆ ਚੁੱਕੀ ਸੀ। 7 ਜਨਵਰੀ, 1932 ਈ: ਨੂੰ ਅਮਰੀਕਨ ਸੈਕਟਰੀ ਆਫ ਸਟੇਟ, ਸਿਟਮਸਨ ਨੇ ਐਲਾਨ ਕੀਤਾ ਕਿ ਕੇਲੋਗ ਬਾਰੀ ਐਂਡ ਪੈਕਟ ਅਧੀਨ ਅਮਰੀਕਾ ਕਿਸੇ ਨੂੰ ਵੀ ਬਲ ਦੇ ਪ੍ਰਯੋਗ ਦੁਆਰਾ ਅੰਤਰਰਾਸ਼ਟਰੀ ਮਾਮਲਿਆਂ ਨੂੰ ਹੱਲ ਨਹੀਂ ਕਰਨ ਦੇਵੇਗਾ। ਉਸ ਨੇ ਫਿਰ ਕਿਹਾ ਕਿ ਅਮਰੀਕਾ ਚੀਨ ਦੀ ਅਖੰਡਤਾ ਲਈ ਵਚਨਬੱਧ ਹੈ। ਉਸ ਨੇ ਯਾਦ ਕਰਵਾਇਆ ਕਿ ਛੇ ਰਾਸ਼ਟਰਾਂ ਦੀ ਸੰਧੀ ਰਾਹੀਂ ਜਾਪਾਨ ਖੁਦ ਇਸ ਅਖੰਡਤਾ ਦੀ ਹਾਮੀ ਭਰ ਚੁੱਕਿਆ ਹੈ। ਇਸ ਕਾਰਨ ਲੀਗ ਆਫ਼ ਨੇਸ਼ਨ ਨੇ ਮਾਰਚ 1932 ਈ: ਵਿੱਚ ਇੱਕ 19 ਮੈਂਬਰੀ ਕਮਿਸ਼ਨ ਦੂਰ ਪੂਰਬ ਦੇ ਮਸਲੇ ਸੁਲਝਾਉਣ ਲਈ ਨਿਯੁਕਤ ਕੀਤਾ।

## ਮਾਨਚੂਕੋ ਦੀ ਸਥਾਪਨਾ (Establishment of Manchuko) :-

ਜਦ ਲੀਗ ਆਫ਼ ਨੇਸ਼ਨਜ਼ ਦਾ ਲਾਰਡ ਲਿਟਨ ਦੀ ਪ੍ਰਧਾਨਗੀ ਹੇਠ ਬਣਾਇਆ ਗਿਆ ਕਮਿਸ਼ਨ ਆਪਣਾ ਕੰਮ ਕਰ ਰਿਹਾ ਸੀ ਤਾਂ ਅਪ੍ਰੈਲ-ਮਈ 1932 ਈ: ਨੂੰ ਜਾਪਾਨੀ ਫ਼ੌਜ ਨੇ ਚੀਨ ਦੀਆਂ ਤਿੰਨ ਪੂਰਬੀ ਰਿਆਸਤਾਂ ਨੂੰ ਇਕੱਠਾ ਕਰਕੇ ਇੱਕ ਖ਼ੁਦ-ਮੁਖਤਿਆਰ ਰਾਜ ਸਥਾਪਤ ਕਰ ਲਿਆ। ਇਸ ਨੂੰ ਮਾਨਚੂਕੋ ਕਿਹਾ ਗਿਆ। ਛੇਤੀ ਹੀ ਇਸ ਵਿੱਚ ਚੀਨ ਦੀ ਇੱਕ ਹੋਰ ਰਿਆਸਤ ਫ਼ੌਜੀ ਜਿੱਤ ਰਾਹੀਂ ਸ਼ਾਮਲ ਕਰ ਲਈ ਗਈ। ਇਹ ਚੌਥੀ ਰਿਆਸਤ ਜੇਹੋਲ (Jehol) ਸੀ ਜੋ ਕਿ ਖੇਤਰਫ਼ਲ ਵਿੱਚ ਇੰਗਲੈਂਡ ਦੇ ਬਰਾਬਰ ਸੀ।

ਜਾਪਾਨੀ ਸਰਕਾਰ ਨੇ ਪਹਿਲਾਂ ਤਾਂ ਇਹ ਕਿਹਾ ਸੀ ਕਿ ਮਾਨਚੂਕੋ ਦੀ ਸਥਾਪਨਾ ਨਾਲ ਕੋਈ ਸੰਬੰਧ ਨਹੀਂ ਹੈ ਪਰੰਤੂ ਇਸ ਦੀ ਸਥਾਪਨਾ ਦੇ 6 ਮਹੀਨੇ ਵਿੱਚ ਹੀ ਇਸ ਨੇ ਉਸ ਨੂੰ ਮਾਨਤਾ ਦੇ ਦਿੱਤੀ। ਇਸ ਦਾ ਅਰਥ ਇਹ ਸੀ ਕਿ ਚੀਨ ਤੇ ਹਮਲਾ ਕਰ ਦਿੱਤਾ ਪਰੰਤੂ ਉਹ ਮਹਾਂਕੰਧ ਵੱਲ ਜ਼ਿਆਦਾ ਨਹੀਂ ਵਧ ਸਕੇ ਤੇ ਹਮਲਾ ਰੋਕ ਦਿੱਤਾ ਗਿਆ।

ਲਿਟਨ ਕਮਿਸ਼ਨ ਨੇ ਆਪਣੀ ਰਿਪੋਰਟ 4 ਸਤੰਬਰ, 1932 ਈ: ਨੂੰ ਪੇਸ਼ ਕਰ ਦਿੱਤੀ ਉਸ ਨੇ ਮਨਚੂਰੀਆ ਦੀ 'ਅਟਾਨਮੀ' ਉੱਪਰ ਬਲ ਦਿੱਤਾ। ਇਹ ਗੱਲ ਚੀਨੀ ਅਖੰਡਤਾ ਨੂੰ ਢਾਹ ਲਾਉਂਦੀ ਸੀ। ਕਮਿਸ਼ਨ ਨੇ ਕਿਹਾ ਕਿ ਜਾਪਾਨ ਨੂੰ ਚੀਨ ਤੇ ਦਬਾਅ ਪਾਉਣ ਤੋਂ ਰੋਕਿਆ ਜਾਵੇ। ਇਸੇ ਕਰਕੇ ਹੀ ਉਸ ਨੇ 15 ਸਤੰਬਰ, 1932 ਈ: ਨੂੰ ਮਾਨਚੂਕੋ ਨੂੰ ਮਾਨਤਾ ਦਿੱਤੀ, ਫਰਵਰੀ 1933 ਈ: 'ਚ ਲੀਗ ਨੇ ਜਾਪਾਨ ਨੂੰ ਹਮਲਾਵਰ ਘੋਸ਼ਿਤ ਕਰ ਦਿੱਤਾ। ਜਾਪਾਨ ਨੇ ਲੀਗ 'ਚ ਨਿਕਲ ਜਾਣ ਦੀ ਧਮਕੀ ਦਿੱਤੀ ਤੇ ਬਾਅਦ 'ਚ ਲੀਗ ਛੱਡ ਦਿੱਤੀ।

ਲੀਗ ਛੱਡਣ ਤੋਂ ਬਾਅਦ ਜਾਪਾਨ ਨੇ ਅਮਰੀਕਨ ਰਾਸ਼ਟਰਪਤੀ ਦੇ ਮੁਨਰੋ ਸਿਧਾਂਤ ਦੇ ਮੁਕਾਬਲੇ ਇੱਕ ਨਵਾਂ ਨਾਹਰਾ 'ਏਸ਼ੀਆ ਏਸ਼ੀਅਨਜ਼ ਦੇ ਵਾਸਤੇ' ਦਿੱਤਾ। ਇਸ ਤਰ੍ਹਾਂ ਮਨਚੂਰੀਆ ਦੇ ਮਸਲੇ ਉੱਪਰ ਦੁਨੀਆਂ ਬਲਾਕਾਂ 'ਚ ਵੰਡੀ ਗਈ। 'ਐਕਸਸ ਪਾਵਰਜ਼' ਨੇ ਮਾਨਚੂਕੋ ਨੂੰ ਮਾਨਤਾ ਦੇ ਦਿੱਤੀ ਪਰ ਇੰਗਲੈਂਡ, ਰੂਸ ਤੇ ਚੀਨ ਨੇ

ਅਜਿਹਾ ਨਹੀਂ ਕੀਤਾ। ਹਾਂ ਉਨ੍ਹਾਂ ਨੇ ਮਾਨਚੂਕੋ ਨਾਲ ਸੰਬੰਧ ਸਥਾਪਤ ਜ਼ਰੂਰ ਕੀਤੇ। ਪਰੰਤੂ ਅਮਰੀਕਾ ਦੀ ਸਥਿਤੀ ਇਨ੍ਹਾਂ ਸਾਰਿਆਂ ਤੋਂ ਵੱਖ ਸੀ। ਉਸ ਦੀ ਕਰੋੜਾਂ ਡਾਲਰਾਂ ਦੀ ਪੂੰਜੀ ਚੀਨ ਦੀ ਫ਼ੌਜ, ਰੱਖਿਆ, ਕਾਰਖਾਨੇ, ਵਿਦਿਆ ਤੇ ਖੇਤਰੀ ਉੱਪਰ ਲਗੀ ਹੋਈ ਸੀ। ਇਸੇ ਕਰਕੇ ਹੀ ਉਹ ਜਾਪਾਨੀਆਂ ਦੀ ਜ਼ਬਰਦਸਤੀ ਤੇ ਫ਼ੌਜੀ ਚੜ੍ਹਾਈ ਨੂੰ ਕਦੇ ਵੀ ਨਹੀਂ ਸੀ ਮੰਨ ਸਕਦਾ।

25 ਮਈ, 1933 ਈ: ਨੂੰ ਚੀਨੀ ਸਰਕਾਰ ਨੇ ਜਾਪਾਨ ਨਾਲ ਹੇਠ ਲਿਖਿਆ ਸਮਝੌਤਾ ਕਰ ਲਿਆ :-

(1) ਇਸ ਸਮਝੌਤੇ ਅਨੁਸਾਰ ਸਾਰੇ ਪੀਪਿੰਗ-ਟਾਇੰਟਸਿਨ ਖੇਤਰ ਵਿੱਚੋਂ ਚੀਨੀ ਫੌਜਾਂ ਵਾਪਸ ਬੁਲਾ ਲਈਆ ਗਈਆਂ।

(2) ਜਾਪਾਨੀ ਇਹ ਵੇਖਣਗੇ ਕਿ ਉੱਪਰ ਵਾਲੀ ਮੱਦ ਉੱਪਰ ਅਮਲ 'ਚ ਲਿਆਂਦੀ ਜਾ ਰਹੀ ਹੈ ਜਾਂ ਨਹੀਂ। ਉਨ੍ਹਾਂ ਦੇ ਜਹਾਜ਼ਾਂ ਨੂੰ ਚੀਨੀ ਵਾਯੂਮੰਡਲ 'ਚ ਪ੍ਰਵੇਸ਼ ਕਰਨ ਦੀ ਇਜ਼ਾਜ਼ਤ ਹੋਵੇਗੀ।

(3) ਜਾਪਾਨੀ ਫ਼ੌਜ ਚੀਨ ਤੇ ਹਮਲਾ ਰੋਕ ਦੇਵੇਗੀ ਤੇ ਉਹ ਮਹਾਂਕੰਧ ਨੂੰ ਪਾਰ ਨਹੀਂ ਕਰੇਗੀ।

(4) 'ਮਹਾਂਕੰਧ' ਦੇ ਦੱਖਣ ਵੱਲ ਉੱਤਰ-ਪੂਰਬ ਦਿਸ਼ਾ 'ਚ ਚੀਨੀ ਪੁਲਿਸ ਹੀ ਰਹਿ ਸਕੇਗੀ, ਫ਼ੌਜ ਨਹੀਂ।

ਇਸ ਸਮਝੌਤੇ ਦੁਆਰਾ ਜਾਪਾਨੀਆਂ ਨੇ 'ਮਹਾਂਕੰਧ' ਦੇ ਦੱਖਣ ਵਿੱਚ ਚੀਨੀ ਇਲਾਕੇ ਨੂੰ ਫ਼ੌਜ ਦੇ ਪ੍ਰਭਾਵ ਥਲਿਓ ਕੱਢ ਕੇ ਆਪਣੀ ਦਯਾ ਦਾ ਪੁਤਲਾ ਬਣਾ ਲਿਆ।

## ਮਨਚੂਰੀਆ ਵਿੱਚ ਜਾਪਾਨੀ ਰਾਜ (Japanese Rule in Manchuria):-

ਮਾਰਚ 1932 ਈ: ਤੋਂ ਲੈ ਕੇ ਮਾਰਚ 1934 ਈ: ਤੱਕ ਮਾਨਚੂਕੋ ਨੂੰ ਇੱਕ ਰੀਜੈਨਸੀ ਵਜੋਂ ਸਥਾਪਤ ਕੀਤਾ ਗਿਆ ਪਰ 1934 ਈ: ਵਿੱਚ ਇਹ ਬਾਦਸ਼ਾਹ ਦੇ ਸਪੁਰਦ ਕਰ ਦਿੱਤੀ ਗਈ। ਉਸ ਦੀ ਸਹਾਇਤਾ ਵਾਸਤੇ 'ਪਰੀਵੀ ਕੌਂਸਿਲ' ਤੇ 'ਸਟੇਟ ਕੌਂਸਿਲ' ਸਨ। ਇਹ ਹੀ ਕੌਂਸਿਲਾਂ ਕਾਨੂੰਨ ਸਭਾ ਦਾ ਕੰਮ ਕਰਦੀਆਂ ਸਨ। ਆਡਿਟ ਜਾਂ ਹਿਸਾਬ-ਕਿਤਾਬਾਂ ਵਾਸਤੇ ਇੱਕ ਸੁਪਰਵਾਈਜ਼ਰੀ ਕੌਂਸਿਲ ਸੀ।

ਕਹਿਣ ਨੂੰ ਮਾਨਚੂਕੋ ਖੁਦਮੁਖਤਿਆਰ ਸੀ, ਪਰ ਅਸਲ ਵਿੱਚ ਇਹ 'ਜਰਨਲ ਅਫੈਅਰਜ ਬੋਰਡ'ਰਾਹੀਂ ਬਹੁਤਾ ਜਾਪਾਨੀ ਸਰਕਾਰ ਦਾ ਹੀ ਹਿੱਸਾ ਸੀ। ਖੁਦ ਮਨਚੂਰੀਆ ਅੰਦਰ ਹਰ ਸੇਵਾ ਵਿੱਚ ਜਾਪਾਨੀਆਂ ਦੀ ਗਿਣਤੀ ਅੱਧ ਤੋਂ ਜ਼ਿਆਦਾ ਸੀ। ਇਸ ਕਰਕੇ ਰਾਜ ਪ੍ਰਬੰਧ ਜਾਪਾਨੀ ਹਿੱਤਾਂ ਦੀ ਪੂਰਤੀ ਕਰਦਾ ਸੀ। ਇਸ ਰਾਜ ਪ੍ਰਬੰਧ ਦੀ ਇੱਕ ਖੂਬੀ ਇਹ ਸੀ ਕਿ ਇਸ ਵਿੱਚ ਸ਼ਕਤੀਆਂ ਦਾ ਕੇਂਦਰੀਕਰਣ ਬਹੁਤ ਜ਼ਿਆਦਾ ਸੀ। ਬਾਦਸ਼ਾਹ ਦੀ ਉਮਰ 30 ਸਾਲ ਤੋਂ ਵੀ ਘੱਟ ਹੋਣ ਕਰਕੇ ਅਸਲ ਹਕੂਮਤ ਅਫ਼ਸਰਸ਼ਾਹੀ ਦੀ ਸੀ। ਉਦਾਹਰਣ ਲਈ, ਕਵਾਨਤੁੰਗ ਰਾਜ ਦਾ ਗਵਰਨਰ ਹੀ ਫ਼ੌਜ, ਪੁਲੀਸ ਤੇ ਰੇਲਵੇ ਦਾ ਮੁੱਖੀ ਸੀ। ਇਸੇ ਹੀ ਤਰ੍ਹਾਂ ਟੈਕੀਓ ਵਿੱਚ ਮਨਚੂਰੀਆ ਐਫਅਰਜ਼ ਹੀ ਸਭ ਕੁਝ ਸੀ ਉਸ ਉੱਪਰ ਜਾਪਾਨੀ ਵਿਦੇਸ਼ ਮੰਤਰਾਲਯ ਦਾ ਕੋਈ ਪ੍ਰਭਾਵ ਨਹੀਂ ਸੀ।

ਜਾਪਾਨੀਆਂ ਨੇ ਮਨਚੂਰੀਆਂ 'ਚ ਕੁਝ ਸਖ਼ਤ ਕਦਮ ਚੁੱਕੇ ਸਨ ਤੇ ਕੁਝ ਸੁਧਾਰ ਕੀਤੇ ਸਨ। ਇਸ ਦੀ ਰਾਜਧਾਨੀ ਹਸੀਕਿੰਗ (Hasinking) ਨੂੰ ਖ਼ੂਬਸੂਰਤ ਬਣਾਇਆ ਗਿਆ। ਡਾਕੂਆਂ ਵੱਲੋਂ ਸਮਾਜ ਵਿਰੋਧੀ ਤਾਕਤਾਂ ਖਿਲਾਫ ਸਖਤੀ ਕਰਕੇ ਸ਼ਾਂਤੀ ਸਥਾਪਤ ਕੀਤੀ ਗਈ। ਪਰ ਜਾਪਾਨੀ ਲੁੱਟ-ਖਸੁੱਟ ਨੂੰ ਹੋਰ ਤੇਜ਼ ਕਰਨ ਵਾਸਤੇ ਮਨਚੂਰੀਆ ਕਰੰਸੀ ਨੂੰ ਯੇਨ ਦੇ ਨਾਲ ਐਫਲੀਏਟ ਕਰ ਲਿਆ ਗਿਆ। ਅਸਲ ਵਿਚ ਮਾਨਚੂਕੋ ਜਾਪਾਨ ਦਾ ਪਰੋਟੈਕਟੋਰੇਟ ਹੀ ਸੀ ਅਤੇ ਇਸ ਕਰਕੇ ਜਾਪਾਨੀ ਦੂਸਰੀਆਂ ਵਿਦੇਸ਼ੀ ਸ਼ਕਤੀਆਂ ਨੂੰ 'ਔਪਨ ਡੋਰ' ਪਾਲਸੀ ਰਾਹੀਂ ਮਨਚੂਰੀਆ 'ਚ ਕਿਸੇ ਕਿਸਮ ਦੀ ਸਹੂਲਤ ਨਹੀਂ ਲੈਣ ਦਿੰਦੇ ਸਨ। ਇੰਝ ਕਰਕੇ ਉਹ ਅਮਰੀਕਾ, ਬਰਤਾਨੀਆ ਅਤੇ ਰੂਸ ਨੂੰ ਨਾਰਾਜ਼ ਕਰ ਲੈਂਦੇ ਸਨ। ਜਾਪਾਨੀਆਂ ਨੇ ਮਾਨਚੂਕੋ ਰਾਹੀਂ ਮਨਚੂਰੀਅਨ ਤੇਲ ਉੱਪਰ ਤਾਂ ਆਪਣਾ ਏਕਾਧਿਕਾਰ ਸਥਾਪਿਤ ਕਰ

ਹੀ ਲਿਆ ਸੀ। ਇਸੇ ਤਰ੍ਹਾਂ ਪੱਛਮੀ ਸ਼ਕਤੀਆਂ ਨੂੰ ਵਿਉਪਾਰ ਲਈ ਬਰਾਬਰ ਸਹੂਲਤਾਂ ਦਾ ਸਿਧਾਂਤ ਰੱਦ ਕਰ ਦਿੱਤਾ ਗਿਆ ਸੀ।

ਮਾਨਚੂਕੋ ਦਾ ਇੱਕ ਨਤੀਜਾ ਉੱਤਰੀ ਮਨਚੂਰੀਆ ਵਿੱਚ ਰੂਸੀ ਹਿੱਤਾਂ ਦਾ ਖਾਤਮਾ ਸੀ ਕਿਉਂਕਿ ਉਸ ਨੇ ਈਸਟਰਨ ਚੀਨੀ ਰੇਲਵੇ ਜਾਪਾਨ ਨੂੰ ਵੇਚ ਦਿੱਤੀ ਸੀ। ਰੂਸ ਨੇ 40 ਕਰੋੜ ਯੈਨ ਕੀਮਤ ਵਜੋਂ ਅਤੇ 3 ਕਰੋੜ ਯੈਨ ਮੁਆਵਜੇ ਵਜੋਂ ਹਾਸਲ ਕੀਤੇ। ਪ੍ਰੰਤੂ ਰੂਸੀਆਂ ਨੇ ਆਪਣੀ ਸੁਰੱਖਿਆ ਵਾਸਤੇ ਟਰਾਂਸ ਸਾਈਬੇਰੀਅਨ ਰੇਲਵੇ ਨੂੰ ਹੋਰ ਮਜ਼ਬੂਤ ਤੇ ਨਵੀਆਂ ਰੇਲਾਂ ਦੇ ਵਿਕਾਸ ਰਾਹੀਂ ਇੱਕ ਵੱਡੀ ਫ਼ੌਜ ਮਨਚੂਰੀਆ ਦੇ ਬਾਰਡਰ ਉੱਪਰ ਰੱਖਣ ਦੀ ਸਮਰੱਥਾ ਹਾਸਲ ਕੀਤੀ। ਇਸ ਤੋਂ ਜਾਪਾਨ ਚਿੰਤਤ ਹੋ ਗਿਆ। ਇਸ ਤਰ੍ਹਾਂ ਰੂਸ ਤੇ ਜਾਪਾਨ ਵਿੱਚ ਦੁਸ਼ਮਣੀ ਬਣੀ ਰਹੀ।

### ਮਾਨਚੂਕੋ ਦੀ ਉੱਨਤੀ (Progress of Manchuko) :-

ਕੁਆਨਤੁੰਗ ਆਰਮੀ ਦੇ ਨੇਤਾਵਾਂ ਨੇ ਮਨਚੂਰੀਆ ਦੀ ਉੱਨਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਖਾਸ ਕਰਕੇ ਭਾਰੀ ਸਨਅਤਾਂ ਉੱਪਰ। ਲਗਭਗ 19 ਸੰਸਥਾਵਾਂ ਨੂੰ ਬੁਨਿਆਦੀ ਐਲਾਨਿਆ ਗਿਆ ਅਤੇ 1937 ਵਿੱਚ ਇੰਡਸਟਰੀਅਲ ਕੰਟਰੋਲ ਲਾਅ ਰਾਹੀਂ ਉਨ੍ਹਾਂ ਦੀ ਸਥਾਪਨਾ ਕੇਵਲ ਸਰਕਾਰੀ ਸੈਕਟਰ ਵਿੱਚ ਕੀਤੇ ਜਾਣ ਦੀ ਇਜਾਜ਼ਤ ਦਿੱਤੀ ਗਈ। ਇਸ ਤਰ੍ਹਾਂ ਜਾਪਾਨੀ ਪ੍ਰਾਈਵੇਟ ਪੂੰਜੀ ਨੂੰ ਵੀ ਮਨਚੂਰੀਆ ਵਿੱਚੋਂ ਕੱਢ ਦਿੱਤਾ ਗਿਆ। ਅਸਲ ਵਿੱਚ ਕੁਆਨਤੁੰਗ ਫ਼ੌਜ ਮਾਨਚੂਕੋ ਨੂੰ ਉੱਨਤ ਕਰਕੇ ਜਾਪਾਨੀ ਨਾਗਰਿਕ ਸਰਕਾਰ ਨੂੰ ਨੀਵਾਂ ਵਿਖਾਉਣਾ ਚਾਹੁੰਦੀ ਸੀ। ਸੋ ਉਸ ਨੇ ਤਰੱਕੀ ਰਾਹੀਂ ਜਾਪਾਨੀ ਨਾਗਰਿਕਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਰਾਜ ਸੱਤਾ ਸਥਾਪਤ ਹੋ ਸਕੇ। ਇਹ ਕਾਰਜ ਲਈ ਉਸ ਨੇ ਟੋਕਿਓ ਸਰਕਾਰ ਨੂੰ ਮਜ਼ਬੂਰ ਕੀਤਾ ਕਿ ਉਹ ਵੱਧ ਤੋਂ ਵੱਧ ਪੂੰਜੀ ਮਨਚੂਰੀਆ 'ਚ ਲਗਾਵੇ। ਫਲਸਰੂਪ ਇਹ ਪੂੰਜੀ 1931 ਵਿੱਚ 9712 ਮਿਲੀਅਨ ਯੈਨ ਤੋਂ ਵਧ ਕੇ 1938 ਈ: ਵਿੱਚ 440 ਮਿਲੀਅਨ ਯੈਨ ਤੱਕ ਪਹੁੰਚ ਗਈ ਅਤੇ ਇਸ ਪੂੰਜੀ ਦਾ ਵੱਡਾ ਹਿੱਸਾ ਆਵਾਜਾਈ ਦੇ ਸਾਧਨਾਂ ਨੂੰ ਖੂਬਸੂਰਤ ਬਣਾਉਣ ਉੱਪਰ ਖਰਚ ਕੀਤਾ। ਨਤੀਜੇ ਵਜੋਂ 1932 ਈ: ਤੋਂ ਲੈ ਕੇ 1936 ਈ: ਤੱਕ ਦੇ ਚਾਰ ਸਾਲਾਂ ਵਿੱਚ ਰੇਲਵੇ ਲਾਈਨਾਂ ਦਾ 40% ਦਾ ਵਾਧਾ ਰਿਕਾਰਡ ਕੀਤਾ। 7 ਸਾਲਾਂ ਦੇ ਅਰਸੇ ਵਿੱਚ 2650 ਮੀਲ ਸੜਕਾਂ ਦਾ ਨਿਰਮਾਣ ਕੀਤਾ ਗਿਆ। ਰੇਡੀਓ, ਟੈਲੀਫੂਨ ਤੇ ਹਵਾਈ ਸੇਵਾਵਾਂ ਵਿੱਚ ਵੀ ਤਰੱਕੀ ਕੀਤੀ ਗਈ। ਇਸ ਤਰੱਕੀ ਕਾਰਨ ਜਾਪਾਨੀ ਫ਼ੌਜ ਦਾ ਸਾਈਬੇਰੀਆ, ਕੋਰੀਆ ਅਤੇ ਚੀਨ ਦੇ ਬਾਰਡਰਾਂ ਤੱਕ ਪਹੁੰਚਣਾ ਹੋਰ ਵੀ ਆਸਾਨ ਹੋ ਗਿਆ।

ਇਸ ਤਰ੍ਹਾਂ ਮਾਨਚੂਕੋ ਦੀ ਤਰੱਕੀ ਜੰਗੀ ਜ਼ਰੂਰਤ ਬਣ ਗਈ। ਬਿਜਲੀ ਕੋਇਲਾ ਅਤੇ ਇਸਪਾਤ ਦੀ ਪੈਦਾਵਾਰ ਵਿੱਚ ਵਾਧਾ ਅਤੇ ਇੰਜੀਨੀਅਰਾਂ ਸਮੇਤ ਸਨਅਤਾਂ ਦੀ ਸਥਾਪਨਾ ਜਾਂ ਤਾਂ ਰੇਲਾਂ ਬਣਾਉਣ ਦੇ ਕੰਮ ਆਈ ਤੇ ਜਾਂ ਜੰਗੀ ਸਮਾਨ। ਅਸਲ ਵਿੱਚ ਮਨਚੂਰੀਆ ਹੌਲੀ-ਹੌਲੀ ਜਾਪਾਨੀ ਸਾਮਰਾਜ ਦੀ ਸੁਰੱਖਿਆ ਤੇ ਹਮਲਾਕੁੰਨ ਕਾਰਵਾਈਆਂ ਕਰਨ ਲਈ ਇੱਕ ਫ਼ੌਜੀ ਸੱਤਾ ਹੀ ਬਣ ਗਿਆ। ਰੇਲਵੇ 'ਚ 1932-39 ਈ: ਦੇ ਦੌਰਾਨ ਤਿੰਨ ਅਰਬ ਯੈਨ ਪੂੰਜੀ ਲਗਾਈ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਪੂੰਜੀ ਜਾਪਾਨੀ ਸਰਕਾਰ ਨੇ ਕੰਪਨੀ ਕਰਜ਼ੇ ਦੇ ਰੂਪ ਵਿੱਚ ਖਰਚ ਕੀਤੀ। ਇਹ ਕਰਜ਼ਾ 1938 ਈ: ਵਿੱਚ 6 ਅਰਬ ਸੀ ਜੋ ਕਿ 1937 ਈ: ਵਿੱਚ ਉਹ ਆਪਣੇ ਬਜਟ ਦਾ ਅੱਧਾ ਹਿੱਸਾ ਰੱਖਿਆ ਉੱਪਰ ਖਰਚ ਕਰ ਰਿਹਾ ਸੀ।

ਇਤਨੀ ਭਾਰੀ ਪੂੰਜੀ ਮਨਚੂਰੀਆ ਵਿੱਚ ਲਾਉਣ ਦਾ ਜਾਪਾਨ ਨੂੰ ਉਤਨਾ ਫ਼ਾਇਦਾ ਨਹੀਂ ਹੋਇਆ ਜਿਤਨਾ ਉਸ ਨੇ ਸੋਚਿਆ ਸੀ ਅਤੇ ਜਿਸ ਦੀ ਉਸ ਨੂੰ ਆਸ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਮਾਨਚੂਕੋ ਵਿੱਚ ਜਾਪਾਨ ਦੇ ਸਮਾਨ-ਅੰਤਰ ਹੀ ਵਿਕਾਸ ਹੋ ਰਿਹਾ ਸੀ, ਫਿਰ ਵੀ ਉਹ ਜਾਪਾਨ ਵਾਸਤੇ ਵਧੀਆ ਮੰਡੀ ਸਾਬਤ ਨਹੀਂ ਹੋ ਸਕੀ। ਫਿਰ ਵੀ ਜਾਪਾਨ ਨੂੰ ਕੋਈ ਘਾਟਾ ਨਹੀਂ। ਜਿੱਥੇ 1932 ਈ: ਵਿੱਚ ਜਾਪਾਨੀ ਮਨਚੂਰੀਅਨ ਵਿਉਪਾਰ ਮਨਚੂਰੀਆ ਦੇ ਹੱਕ ਵਿੱਚ ਸੀ ਉੱਥੇ ਇਹ 1936 ਈ: ਵਿੱਚ ਜਾਪਾਨ ਦੇ ਹੱਕ ਵਿੱਚ ਹੋ ਗਿਆ ਸੀ ਤੇ ਉਹ 270 ਮਿਲੀਅਨ ਯੁਆਨ ਇਸ ਵਿਉਪਾਰ ਤੋਂ ਕਮਾ ਰਿਹਾ ਸੀ।

ਮਨਚੂਰੀਆ ਵਿੱਚ ਆਬਾਦੀ ਦੇ ਸੰਤੁਲਨ ਨੂੰ ਆਪਣੇ ਹੱਕ ਵਿੱਚ ਕਰਨ ਲਈ ਜਾਪਾਨ ਨੇ ਆਪਣੇ ਕਿਸਾਨਾਂ ਨੂੰ ਉੱਥੇ ਭੇਜਿਆ। ਕੋਈ 5 ਲੱਖ ਜਿਨ੍ਹਾਂ ਵਿੱਚੋਂ ਜ਼ਿਆਦਾ ਤਕਨੀਕੀ ਕੰਮ ਕਰਨ ਵਾਲੇ ਸਨ ਜ਼ਿਮੀਦਾਰੀ ਕਰਨ ਲਗੇ। ਪਰ ਇਸ ਕੰਮ ਨੂੰ ਜ਼ਿਆਦਾ ਸਫ਼ਲਤਾ ਨਹੀਂ ਮਿਲੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨਚੂਰੀਆ ਦਾ ਸੰਕਟ ਇਕ ਤਾਂ ਚੀਨ ਦੀ ਆਪਣੀ ਕਮਜ਼ੋਰੀ ਤੇ ਦੂਸਰਾ ਜਾਪਾਨੀਆਂ ਦੀ ਆਰਥਿਕ ਤੇ ਰਾਜਨੀਤਿਕ ਜ਼ਰੂਰਤਾਂ ਦੀ ਪੈਦਾਵਾਰ ਸੀ। ਪੱਛਮੀ ਤਾਕਤਾਂ ਨੇ ਇਸ ਨੂੰ ਹੋਰ ਵੀ ਉਲਝਾ ਦਿੱਤਾ ਤੇ ਜਾਪਾਨ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਉਸ ਨੇ ਮਨਚੂਰੀਆ ਨੂੰ ਆਪਣਾ ਆਰਥਕ ਤੇ ਫੌਜੀ ਅੱਡਾ ਬਣਾ ਕੇ ਆਪਣੇ ਸਾਮਰਾਜ ਲਈ ਮਹੱਤਵਪੂਰਣ ਬਣਾ ਲਿਆ। ਮਨਚੂਰੀਆਂ ਦੇ ਸਹਾਰੇ ਜਾਪਾਨੀ ਫ਼ੌਜ ਨੇ ਜਾਪਾਨ ਨੂੰ ਦੂਸਰੀ ਵਿਸ਼ਵ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ।

## ਸੁਝਾਏ ਗਏ ਪ੍ਰਸ਼ਨ

1. ਮਨਚੂਰੀਆ ਸਕੰਟ ਕੀ ਸੀ ? ਵਿਆਖਿਆ ਕਰੋ।
2. ਮਨਚੂਕੋ ਦੀ ਸਥਾਪਨਾ ਦਾ ਵਰਨਣ ਕਰੋ ?

## ਵਧੇਰੇ ਜਾਣਕਾਰੀ ਵਾਸਤੇ ਪੜ੍ਹੋ

### ਪਾਠ 1-2

(1) ਜੀ.ਐਮ. ਬੇਕਮਈ : ਦੀ ਮਾਡਰਨਾਈਜੇਸ਼ਨ ਆਫ਼ ਚਾਈਨਾ ਐਂਡ ਜਾਪਾਨ

(2) ਐਮ. ਵਿਨਾਇਕੇ : ਏ ਹਿਸਟਰੀ ਆਫ਼ ਵਾਰ ਈਸਟ।

(3) ਜਾਰਜ ਸੈਨਸਨ : ਦੀ ਵੈਸਟਰਨ ਵਰਲਡ ਐਂਡ ਜਾਪਾਨ।

## ਹੋਰ ਜਾਣਕਾਰੀ ਵਾਸਤੇ ਪੜ੍ਹੋ

### ਪਾਠ 3

(1) ਕਲਾਈਡ ਐਂਡ ਬੀਅਰਜ਼ : ਦਾ ਫਾਰ ਈਸਟ

(2) ਸੀ.ਜੀ. ਐਲਨ : ਏ ਸ਼ਾਰਟ ਇਕਨਾਮਕ ਹਿਸਟਰੀ ਆਫ਼ ਜਾਪਾਨ

(3) ਰੋਬਰਟ ਕਰੇਗ : ਬੀਹਾਈਡ ਦੀ ਜੈਪਨੀਜ਼ ਮਾਸਕ

## ਹੋਰ ਜਾਣਕਾਰੀ ਵਾਸਤੇ ਪੜ੍ਹੋ

### ਪਾਠ 4-6

(1) ਹ. ਬਰਟਨ : ਜਾਪਾਨ 'ਚ ਮਾਡਰਨ ਸੈਨਚਰੀ

(2) ਆਰ. ਸਟੋਰਨੀ : ਏ ਹਿਸਟਰੀ ਆਫ ਮਾਡਰਨ ਜਾਪਾਨ

(3) ਡਾ. ਐਸ. ਗਜਰਾਨੀ : ਜਾਪਾਨ ਦਾ ਇਤਿਹਾਸ : 1839-1950 ਈ:

## ਪਾਠ 4 ਤੇ 5 ਲਈ ਪ੍ਰਸ਼ਨ :-

1. ਮਨਚੂਰੀਆ ਪ੍ਰਤੀ ਜਾਪਾਨੀ ਨੀਤੀਆਂ ਦੀ ਕੀ ਵਿਸ਼ੇਸ਼ਤਾਵਾਂ ਸਨ ?
2. 1931 ਈ: ਤੋਂ ਲੈ ਕੇ 1939 ਈ: ਤੱਕ ਅੰਤਰਰਾਸ਼ਟਰੀ ਸੰਬੰਧਾਂ ਲਈ ਮਨਚੂਰੀਆ ਸੰਕਟ ਦੀ ਕੀ ਮਹੱਤਤਾ ਹੈ ?
3. ਮਨਚੂਕੋ ਨੇ ਜਾਪਾਨੀ ਰਾਜਨੀਤੀ ਤੇ ਕੀ ਪ੍ਰਭਾਵ ਪਾਇਆ ?

## ਪਾਠ-06- ਪ੍ਰਸ਼ਨ

1. ਮਹਾਂ ਪੂਰਬ-ਏਸ਼ੀਆਂ ਖੁਸ਼ਹਾਲੀ ਖੇਤਰ ਸਕੀਮ ਕੀ ਸੀ ?
2. ਜਪਾਨ ਦੇ ਸਾਮਰਾਜ ਨੇ ਦੱਖਣ-ਪੂਰਬੀ ਦੇਸ਼ਾਂ ਵੱਲ ਕੀ ਨੀਤੀ ਅਪਨਾਈ ?